21-NOV-PAGE-1.qxd 11/20/2022 9:55 PM Page 1

ਸੋਮਵਾਰ, 21 ਨਵੰਬਰ, 2022, 6 ਮੱਘਰ : ਨਾਨਕਸ਼ਾਹੀ 554, ਬਿਕਰਮੀ 2079, ਜਿਲਦ/VOL. : 71, ਅੰਕ/NO. : 171

ਨਵਾਂ ਜ਼ਮਾਨਾ

DAILY NAWAN ZAMANA • MONDAY, 21 NOVEMBER, 2022 ਜਲੰਧਰ

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 ਸਫ਼ੇ : 12

ਜਲਵਾਯੂ ਮੁਆਵਜ਼ਾ ਫੰਡ ਕਾਇਮ ਹੋਵੇਗਾ

ਸ਼ਰਮ ਅਲ-ਸ਼ੇਖ : ਮਿਸਰ ਦੇ ਸ਼ਰਮ ਅਲ-ਸ਼ੇਖ ਵਿਚ ਕੌਮਾਂਤਰੀ ਜਲਵਾਯੂ ਸੰਮੇਲਨ ਵਿਚ ਐਤਵਾਰ ਤੜਕੇ ਇਤਿਹਾਸਕ ਸੌਦੇ ਨੂੰ ਮਨਜ਼ੂਰੀ ਦੇ ਦਿੱਤੀ ਗਈ, ਜਿਸ ਤਹਿਤ ਕਾਰਬਨ ਪ੍ਰਦੂਸ਼ਣ ਕਾਰਨ ਹੋਣ ਵਾਲੇ ਮੌਸਮੀ ਬਦਲਾਅ ਤੋਂ ਪ੍ਰਭਾਵਤ ਗਰੀਬ ਦੇਸ਼ਾਂ ਨੂੰ ਹੋਏ ਨੁਕਸਾਨ ਦੀ ਭਰਪਾਈ ਕਰਨ ਲਈ ਫੰਡ ਬਣਾਇਆ ਜਾਵੇਗਾ, ਪਰ ਕਾਰਬਨ ਨਿਕਾਸੀ ਘਟਾਉਣ ਦੇ ਯਤਨਾਂ ਬਾਰੇ ਮਤਭੇਦਾਂ ਕਾਰਨ ਸਮੁੱਚਾ ਸਮਝੌਤਾ ਸਿਰੇ ਨਾ ਚੜ੍ਹਿਆ।

200 ਦੇਸ਼ਾਂ ਦੇ ਸੰਮੇਲਨ ਵਿਚ ਹੋਏ ਇਸ ਸਮਝੌਤੇ ਨੂੰ ਗਰੀਬ ਦੇਸ਼ਾਂ ਦੀ ਵੱਡੀ ਜਿੱਤ ਵਜੋਂ ਲਿਆ ਜਾ ਰਿਹਾ ਹੈ। ਕਈ ਅਮੀਰ ਦੇਸ਼ ਇਸ ਮੁੱਦੇ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੇ ਸੀ। ਭਾਰਤ, ਬ੍ਰਾਜ਼ੀਲ ਸਣੇ ਏਸ਼ੀਆ, ਅਫਰੀਕਾ ਤੇ ਲਾਤੀਨੀ ਅਮਰੀਕਾ ਦੇ ਕਈ ਦੇਸ਼ਾਂ ਨੇ ਫੰਡ ਪਾਸ ਕਰਾਉਣ ਲਈ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਦਬਾਅ ਬਣਾਇਆ ਕਿ ਜੇ ਫੰਡ ਪਾਸ ਨਾ ਹੋਇਆ ਤਾਂ ਸੰਮੇਲਨ ਨੂੰ ਫੇਲ੍ਹ ਸਮਝਿਆ ਜਾਵੇਗਾ। ਜ਼ਾਂਬੀਆ ਦੇ ਪਰਿਆਵਰਣ ਮੰਤਰੀ ਕੋਲਿਨਸ ਨੋਜੋਵੂ ਨੇ ਫੰਡ ਨੂੰ ਅਫਰੀਕਾ ਦੇ ਇਕ ਅਰਬ 30 ਕਰੋੜ ਲੋਕਾਂ ਲਈ ਹਾਂ-ਪੱਖੀ ਕਦਮ ਦੱਸਿਆ।

ਬ੍ਰਾਜ਼ੀਲ ਦੇ ਰਾਸ਼ਟਰਪਤੀ ਲੂਲਾ ਦਾ ਸਿਲਵਾ, ਜਿਨ੍ਹਾਂ ਜਲਵਾਯੂ ਫੰਡ ਬਣਵਾਉਣ ਲਈ ਕਾਫੀ ਜ਼ੋਰ ਲਾਇਆ।

ਫੰਡ ਲਈ 24 ਦੇਸ਼ਾਂ ਦੇ ਨੁਮਾਇੰਦਿਆਂ ਦੀ ਕਮੇਟੀ ਬਣੇਗੀ। ਫੰਡ ਕੰਮ ਕਿਵੇਂ ਕਰੇਗਾ, ਇਸ ਉੱਤੇ ਇਕ ਸਾਲ ਤਕ ਬਹਿਸ ਹੋਵੇਗੀ। ਤੈਅ ਕੀਤਾ ਜਾਵੇਗਾ ਕਿ ਕਿਹੜੇ ਦੇਸ਼ ਨੂੰ ਕਿੰਨਾ ਮੁਆਵਜ਼ਾ ਤੇ ਕਿਸ ਆਧਾਰ 'ਤੇ ਮਿਲੇਗਾ। ਕਿਹੜੇ ਦੇਸ਼ ਮੁਆਵਜ਼ਾ ਦੇਣਗੇ, ਇਸਦਾ ਫੈਸਲਾ ਵੀ ਕਮੇਟੀ ਕਰੇਗੀ। ਪਹਿਲਾਂ ਯੂਰਪੀ ਯੂਨੀਅਨ ਨੇ ਮੁਆਵਜ਼ੇ ਲਈ ਫੰਡ ਦੀ ਹਾਮੀ ਭਰੀ ਤੇ ਕਿਹਾ ਕਿ ਇਸਦਾ ਫਾਇਦਾ ਉਨ੍ਹਾਂ ਦੇਸ਼ਾਂ ਨੂੰ ਹੋਵੇ, ਜਿਨ੍ਹਾਂ ਦੀ ਹਾਲਤ ਖਰਾਬ ਹੋ ਚੁੱਕੀ ਹੈ। ਫੰਡ ਨੂੰ ਮਨਜ਼ੂਰੀ ਦਾ ਸਾਰਾ ਦਾਰੋਮਦਾਰ ਅਮਰੀਕਾ ਉੱਤੇ ਸੀ, ਜਿਹੜਾ ਦੁਨੀਆ ਦਾ ਸਭ ਤੋਂ ਵੱਡਾ ਪ੍ਰਦੂਸ਼ਕ ਮੰਨਿਆ ਜਾਂਦਾ ਹੈ। ਸ਼ਨੀਵਾਰ ਅਮਰੀਕਾ ਨੇ ਵੀ ਮਨਜ਼ੂਰੀ ਦੇ ਦਿੱਤੀ। ਸਮਝੌਤੇ ਮੁਤਾਬਕ ਕਈ ਵਿਕਾਸਸ਼ੀਲ ਦੇਸ਼ਾਂ ਨੂੰ ਵੀ ਫੰਡ 'ਚੋਂ ਪੈਸੇ ਮਿਲਣਗੇ। ਪਰ ਯੂਰਪੀ ਯੂਨੀਅਨ ਤੇ ਅਮਰੀਕਾ ਦੀ ਮੰਗ ਹੈ ਕਿ ਇਨ੍ਹਾਂ ਵਿਚ ਚੀਨ ਨੂੰ ਸ਼ਾਮਲ ਨਾ ਕੀਤਾ ਜਾਵੇ। ਚੀਨ ਦੂਜਾ ਸਭ ਤੋਂ ਵੱਡਾ ਅਰਥਚਾਰਾ ਹੈ ਤੇ ਸਭ ਤੋਂ ਵੱਧ ਗਰੀਨ ਗੈਸਾਂ ਉਹੀ ਪੈਦਾ ਕਰਦਾ ਹੈ। ਉਧਰ, ਚੀਨ ਨੇ ਦੋਸ਼ ਲਾਇਆ ਹੈ ਕਿ ਅਮਰੀਕਾ ਤੇ ਉਸਦੇ ਸਾਥੀ ਦੇਸ਼ ਵਿਤਕਰਾ ਕਰ ਰਹੇ ਹਨ। ਅਮੀਰ ਦੇਸ਼ਾਂ ਨੇ 2009 ਵਿਚ ਵਾਅਦਾ ਕੀਤਾ ਸੀ ਕਿ ਉਹ ਜਲਵਾਯੂ ਬਦਲਾਅ ਕਾਰਨ ਹੋਏ ਨੁਕਸਾਨ ਦਾ ਹਰਜਾਨਾ ਦੇਣਗੇ। ਇਸ ਤਹਿਤ ਉਹ 2020 ਤਕ ਵਿਕਸਤ ਦੇਸ਼ਾਂ ਨੂੰ ਵਿਕਾਸਸ਼ੀਲ ਤੇ ਗਰੀਬ ਦੇਸ਼ਾਂ ਨੂੰ ਹਰ ਸਾਲ 100 ਅਰਬ ਡਾਲਰ ਦਿੱਤੇ ਜਾਣੇ ਸਨ। ਇਹ ਵਾਅਦਾ 12 ਸਾਲ ਬਾਅਦ ਵੀ ਅਧੂਰਾ ਰਿਹਾ।

ਫੁੱਟਬਾਲ ਦੇ ਮਹਾਕੁੰਭ ਦਾ ਆਗਾਜ਼

ਫੀਫਾ ਵਰਲਡ ਕੱਪ ਦਾ ਆਗਾਜ਼ ਹੋ ਗਿਆ ਹੈ। ਕਤਰ ਦੇ ਅਲ-ਬੇਤ ਸਟੇਡੀਅਮ 'ਚ ਓਪਨਿੰਗ ਸੈਰੇਮਨੀ ਹੋਈ। ਇਸ ਸਟੇਡੀਅਮ 'ਚ ਲੱਗਭੱਗ 60 ਹਜ਼ਾਰ ਦਰਸ਼ਕ ਬੈਠ ਸਕਦੇ ਹਨ। ਸਮਾਰੋਹ 'ਚ ਹਾਲੀਵੁੱਡ ਅਦਾਕਾਰ ਮਾਰਗਨ ਨੇ ਵੀ ਪੇਸ਼ਕਾਰੀ ਕੀਤੀ। ਓਪਨਿੰਗ ਸੈਰੇਮਨੀ 'ਚ ਸਾਊਥ ਦੇ ਰਾਕ ਬੈਂਡ ਬੀ ਟੀ ਐਸ ਨੇ ਲੀਡ ਗੀਤ ਜੰਗਕੁਕ ਨੇ ਪੇਸ਼ ਕੀਤਾ। ਲੱਗਭੱਗ ਇੱਕ ਮਹੀਨੇ ਤੱਕ ਚੱਲਣ ਵਾਲੇ ਫੀਫਾ ਵਰਲਡ ਕੱਪ 'ਚ ਮੌਜੂਦਾ ਚੈਂਪੀਅਨ ਫਰਾਂਸ ਸਮੇਤ ਕੁੱਲ 32 ਟੀਮਾਂ ਹਿੱਸਾ ਲੈ ਰਹੀਆਂ ਹਨ।

ਬੇਰਹਿਮ ਲੋਕ

ਨਵੀਂ ਦਿੱਲੀ : ਦੱਖਣੀ ਦਿੱਲੀ ਦੇ ਡੌਨ ਬਾਸਕੋ ਟੈਕਨੀਕਲ ਇੰਸਟੀਚਿਊਟ ਵਿਖੇ 25 ਵਿਦਿਆਰਥੀਆਂ ਨੇ ਗਰਭਵਤੀ ਕੁੱਤੀ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ। ਇਸ ਦੇ ਦੋ ਵੀਡੀਓ ਸਾਹਮਣੇ ਆਏ ਹਨ। ਇਕ ਵਿਚ ਕੁੱਤੀ ਟੀਨ ਦੇ ਸ਼ੈੱਡ ਵਿਚ ਸਹਿਮੀ ਬੈਠੀ ਹੈ ਤੇ ਬਾਹਰ ਇਕ ਮੁੰਡਾ ਡੰਡਾ ਚੁੱਕੀ ਖੜ੍ਹਾ ਹੈ। ਬਾਕੀ ਉਸ ਨੂੰ ਕੁੱਤੀ ਨੂੰ ਮਾਰਨ ਲਈ ਕਹਿ ਰਹੇ ਹਨ। ਦੂਜੇ ਵੀਡੀਓ ਵਿਚ ਮੁੰਡਾ ਮਰੀ ਕੁੱਤੀ ਨੂੰ ਘਸੀਟ ਕੇ ਲਿਜਾਂਦਾ ਨਜ਼ਰ ਆ ਰਿਹਾ ਹੈ। ਪੁਲਸ ਨੇ ਕੇਸ ਦਰਜ ਕਰ ਲਿਆ ਹੈ।

ਗਾਤਰਾ ਪਾਉਣ ਦੀ ਖੁੱਲ੍ਹ

ਨਿਊਯਾਰਕ : ਅਮਰੀਕਾ ਦੀ ਵਕਾਰੀ ਉੱਤਰੀ ਕੈਰੋਲੀਨਾ ਯੂਨੀਵਰਸਿਟੀ ਨੇ ਕੈਂਪਸ ਵਿਚ ਸਿੱਖ ਵਿਦਿਆਰਥੀਆਂ ਨੂੰ ਗਾਤਰਾ ਪਹਿਨਣ ਦੀ ਇਜਾਜ਼ਤ ਦੇਣ ਦਾ ਐਲਾਨ ਕੀਤਾ ਹੈ। ਸ਼ਰਤ ਇਹ ਹੋਵੇਗੀ ਕਿ ਗਾਤਰਾ ਤਿੰਨ ਇੰਚ ਤੋਂ ਵੱਧ ਨਹੀਂ ਹੋਣਾ ਚਾਹੀਦਾ ਅਤੇ ਉਹ ਪੁਸ਼ਾਕ ਅੰਦਰ ਹੋਵੇ ਤੇ ਦਿਖੇ ਨਾ। ਇਹ ਫੈਸਲਾ ਦੋ ਮਹੀਨੇ ਪਹਿਲਾਂ ਯੂਨੀਵਰਸਿਟੀ ਦੇ ਵਿਦਿਆਰਥੀ ਨੂੰ ਗਾਤਰਾ ਪਹਿਨਣ ਕਾਰਨ ਹੱਥਕੜੀ ਲਾਉਣ ਦਾ ਵੀਡੀਓ ਵਾਇਰਲ ਹੋਣ ਤੋਂ ਬਾਅਦ ਆਇਆ ਹੈ।

ਦੋ ਡਰੋਨ ਮੁੜ ਪਾਕਿਸਤਾਨ ਭਜਾਏ

ਚੰਡੀਗੜ੍ਹ : ਤਹਿਸੀਲ ਅਜਨਾਲਾ ਅਧੀਨ ਸਰਹੱਦੀ ਚੌਕੀ ਕੱਸੋਵਾਲ ਨੇੜੇ ਸ਼ਨੀਵਾਰ ਦੇਰ ਰਾਤ ਡਰੋਨ 'ਤੇ ਬੀ ਐੱਸ ਐੱਫ ਜਵਾਨਾਂ ਨੇ 96 ਗੋਲੀਆਂ ਚਲਾਈਆਂ, ਜਿਸ ਤੋਂ ਬਾਅਦ ਡਰੋਨ ਪਾਕਿਸਤਾਨ ਵਾਪਸ ਚਲਾ ਗਿਆ। ਸਰਹੱਦੀ ਚੌਕੀ ਛੰਨਾ ਪੱਤਣ ਨੇੜੇ ਵੀ ਡਰੋਨ ਦੀ ਹਲਚਲ ਦੇਖੀ ਗਈ, ਜਿਸ 'ਤੇ ਵੀ ਜਵਾਨਾਂ ਨੇ ਫਾਇਰਿੰਗ ਕੀਤੀ ਅਤੇ ਉਹ ਵੀ ਪਾਕਿਸਤਾਨ ਚਲਾ ਗਿਆ।

ਟਰੰਪ ਦਾ ਖਾਤਾ ਚਾਲੂ

ਨਿਊਯਾਰਕ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਟਵਿੱਟਰ ਅਕਾਊਂਟ ਸ਼ਨਿਚਰਵਾਰ ਰਾਤ ਬਹਾਲ ਕਰ ਦਿੱਤਾ ਗਿਆ। ਸੋਸ਼ਲ ਮੀਡੀਆ ਕੰਪਨੀ ਦੇ ਨਵੇਂ ਮਾਲਕ ਐਲੋਨ ਮਸਕ ਨੇ ਟਵੀਟ ਕੀਤਾ- ਆਨਲਾਈਨ ਸਰਵੇਖਣ 'ਚ 15,085,458 ਲੋਕਾਂ ਨੇ ਰਾਇ ਜ਼ਾਹਰ ਕੀਤੀ। ਕਰੀਬ 51.8 ਫੀਸਦੀ ਨੇ ਟਰੰਪ ਦੇ ਖਾਤੇ ਨੂੰ ਬਹਾਲ ਕਰਨ ਦਾ ਸਮਰਥਨ ਕੀਤਾ, ਜਦਕਿ 48.2 ਫੀਸਦੀ ਇਸ ਦੇ ਖਿਲਾਫ ਸਨ।

ਦਹਿਸ਼ਤਗਰਦੀ ਦੀ ਕਾਰਵਾਈ

ਮੈਂਗਲੌਰ : ਕਰਨਾਟਕ ਦੇ ਡੀ ਜੀ ਪੀ ਪ੍ਰਵੀਨ ਸੂਦ ਨੇ ਐਤਵਾਰ ਕਿਹਾ ਕਿ ਮੰਗਲੌਰ 'ਚ ਚੱਲਦੇ ਆਟੋਰਿਕਸ਼ਾ 'ਚ ਧਮਾਕਾ ਦਹਿਸ਼ਤਗਰਦੀ ਦੀ ਕਾਰਵਾਈ ਸੀ। ਇਸ ਦੀ ਪੁਸ਼ਟੀ ਹੋ ਗਈ ਹੈ। ਸ਼ਨਿਚਰਵਾਰ ਸ਼ਾਮ ਪੁਲਸ ਸਟੇਸ਼ਨ ਦੇ ਕੋਲ ਹੋਏ ਧਮਾਕੇ ਨਾਲ ਯਾਤਰੀ ਅਤੇ ਡਰਾਈਵਰ ਜ਼ਖਮੀ ਹੋ ਗਏ ਸਨ।

ਜ਼ਿਲ੍ਹਾ ਜੱਜ ਜ਼ਮਾਨਤ ਦੇਣ ਤੋਂ ਡਰਦੇ : ਚੀਫ ਜਸਟਿਸ

ਨਵੀਂ ਦਿੱਲੀ : ਸੁਪਰੀਮ ਕੋਰਟ ਦੇ ਚੀਫ ਜਸਟਿਸ ਡੀ ਵਾਈ ਚੰਦਰਚੂੜ ਨੇ ਕਿਹਾ ਹੈ ਕਿ ਜ਼ਿਲ੍ਹਾ ਜੱਜ ਘਿਨਾਉਣੇ ਜੁਰਮ ਵਿਚ ਜ਼ਮਾਨਤ ਦੇਣ ਤੋਂ ਹਿਚਕਦੇ ਹਨ। ਇਸੇ ਕਾਰਨ ਹਾਈ ਕੋਰਟਾਂ ਵਿਚ ਜ਼ਮਾਨਤ ਅਰਜ਼ੀਆਂ ਦਾ ਹੜ੍ਹ ਆ ਰਿਹਾ ਹੈ। ਬਾਰ ਕੌਂਸਲ ਆਫ ਇੰਡੀਆ ਵੱਲੋਂ ਰੱਖੇ ਸਨਮਾਨ ਸਮਾਰੋਹ ਵਿਚ ਚੀਫ ਜਸਟਿਸ ਨੇ ਕਿਹਾ- ਜ਼ਿਲ੍ਹਾ ਪੱਧਰ 'ਤੇ ਜੱਜ ਜੁਰਮ ਨੂੰ ਨਹੀਂ ਸਮਝਦੇ ਹਨ, ਸਗੋਂ ਉਨ੍ਹਾਂ ਨੂੰ ਜ਼ਮਾਨਤ ਦੇਣ ਦੇ ਬਾਅਦ ਖੁਦ ਨੂੰ ਨਿਸ਼ਾਨਾ ਬਣਾਏ ਜਾਣ ਦਾ ਡਰ ਹੁੰਦਾ ਹੈ। ਇਸ ਡਰ ਬਾਰੇ ਕੋਈ ਗੱਲ ਨਹੀਂ ਕਰਦਾ, ਜੋ ਸਾਨੂੰ ਕਰਨੀ ਚਾਹੀਦੀ ਹੈ। ਇਸ ਕਰਕੇ ਜ਼ਿਲ੍ਹਾ ਅਦਾਲਤਾਂ ਦਾ ਪੈਨਾਪਨ ਘਟ ਰਿਹਾ ਹੈ ਅਤੇ ਹਾਈ ਕੋਰਟਾਂ ਦੇ ਕੰਮਕਾਜ 'ਤੇ ਅਸਰ ਪੈ ਰਿਹਾ ਹੈ। ਮੈਂ ਹਮੇਸ਼ਾ ਕਹਿੰਦਾ ਹਾਂ ਕਿ ਜ਼ਿਲ੍ਹਾ ਅਦਾਲਤਾਂ ਨਿੱਕੀਆਂ ਨਹੀਂ ਹਨ। ਇਹ ਕੌਮੀ ਨਿਆਂਪਾਲਿਕਾ ਵਿਚ ਉਹੀ ਥਾਂ ਰੱਖਦੀਆਂ ਹਨ, ਜਿਹੜਾ ਹਾਈ ਕੋਰਟਾਂ ਤੇ ਸੁਪਰੀਮ ਕੋਰਟ ਦਾ ਹੈ। ਸੁਪਰੀਮ ਕੋਰਟ ਵੱਡੇ ਫੈਸਲੇ ਕਰ ਸਕਦੀ ਹੈ, ਪਰ ਜ਼ਿਲ੍ਹਾ ਅਦਾਲਤਾਂ ਉਨ੍ਹਾਂ ਛੋਟੇ-ਛੋਟੇ ਮਾਮਲਿਆਂ ਦਾ ਨਿਬੇੜਾ ਕਰਦੀਆਂ ਹਨ, ਜਿਹੜੇ ਆਮ ਨਾਗਰਿਕਾਂ ਨੂੰ ਸ਼ਾਂਤੀ, ਖੁਸ਼ੀ ਤੇ ਵਿਸ਼ਵਾਸ ਦਿੰਦੇ ਹਨ।

ਹਾਰਨ ਵਾਲੇ ਦਾ 2 ਕਰੋੜ 11 ਲੱਖ ਕੈਸ਼ ਨਾਲ ਸਨਮਾਨ

ਰੋਹਤਕ : ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੇ ਅਸੰਬਲੀ ਹਲਕਾ ਕਿਲੋਈ ਵਿਚ ਪੈਂਦੇ ਪਿੰਡ ਚਿੜੀ ਵਿਚ ਪਿੰਡ ਵਾਸੀਆਂ ਨੇ ਸਰਪੰਚੀ ਦੀ ਚੋਣ ਨਵੀਨ ਕੁਮਾਰ ਤੋਂ 66 ਵੋਟਾਂ ਨਾਲ ਹਾਰਨ ਵਾਲੇ ਧਰਮਪਾਲ ਉਰਫ ਕਾਲਾ ਚੇਅਰਮੈਨ ਦਾ 2 ਕਰੋੜ 11 ਲੱਖ ਰੁਪਏ ਨਕਦ ਤੇ ਸਕਾਰਪਿਓ ਗੱਡੀ ਦੇ ਕੇ ਸਨਮਾਨ ਕੀਤਾ। ਕਾਲਾ ਚੇਅਰਮੈਨ ਨੇ ਕਿਹਾ ਕਿ ਉਹ 2000 ਤੋਂ 2005 ਤੱਕ ਬਲਾਕ ਸੰਮਤੀ ਲਾਖਨਮਾਜਰਾ ਦੇ ਚੇਅਰਮੈਨ ਰਹੇ। ਮਾਤਾ 2010-2015 ਵਿਚ ਸਰਪੰਚ ਰਹੀ। ਸਨਮਾਨ ਸਮਾਰੋਹ ਨੇ ਭਾਈਚਾਰੇ ਦਾ ਸੰਦੇਸ਼ ਦਿੱਤਾ ਹੈ। ਨਵਾਂ ਸਰਪੰਚ ਜਿਹੜਾ ਵੀ ਚੰਗਾ ਕੰਮ ਕਰੇਗਾ, ਉਹ ਉਸ ਦੇ ਨਾਲ ਖੜ੍ਹਨਗੇ। ਨਰਵਾਲ ਖਾਪ ਦੇ ਕੌਮੀ ਪ੍ਰਧਾਨ ਭਲੇ ਰਾਮ ਨਰਵਾਲ ਨੇ ਕਿਹਾ ਕਿ ਪਿੰਡ ਨੇ ਨਵੀਂ ਪਰੰਪਰਾ ਪਾਈ ਹੈ। ਇਸ ਨਾਲ ਭਾਈਚਾਰਾ ਹੋਰ ਵਧੇਗਾ।

ਕਿਸਾਨਾਂ ਨੇ ਕਬਜ਼ਾ ਲੈਣ ਵਾਲੇ ਭਜਾਏ

ਮੰਡੀ ਅਹਿਮਦਗੜ੍ਹ : ਸ਼ਹਿਰ ਦੀ ਹੱਦ ਨਾਲ ਲੱਗਦੇ ਪਿੰਡਾਂ ਛਪਾਰ ਅਤੇ ਧੂਲਕੋਟ 'ਚ ਐਤਵਾਰ ਤੜਕਸਾਰ ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆ ਦੀਆਂ ਟੀਮਾਂ ਸਿਵਲ ਪ੍ਰਸ਼ਾਸਨ ਤੇ ਪੁਲਸ ਦੀ ਅਗਵਾਈ 'ਚ ਦਿੱਲੀ-ਅੰਮ੍ਰਿਤਸਰ-ਕਟੜਾ ਐਕਸਪ੍ਰੈੱਸਵੇਅ ਲਈ ਜ਼ਮੀਨਾਂ ਦਾ ਕਬਜ਼ਾ ਲੈਣ ਪੁੱਜੀਆਂ ਤਾਂ ਕਿਸਾਨ ਜਥੇਬੰਦੀਆਂ ਨੇ ਭਾਰੀ ਪੁਲਸ ਫੋਰਸ ਅਤੇ ਜੇ ਸੀ ਬੀ ਮਸ਼ੀਨਾਂ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਪਾ ਦਿੱਤੀਆਂ। ਇਸ ਤੋਂ ਬਾਅਦ ਵੱਡੀ ਗਿਣਤੀ 'ਚ ਕਿਸਾਨ ਟਰੈਕਟਰਾਂ ਸਮੇਤ ਮੌਕੇ 'ਤੇ ਪਹੁੰਚ ਗਏ ਅਤੇ ਸੜਕਾਂ ਜਾਮ ਕਰਕੇ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ। ਨਤੀਜੇ ਵਜੋਂ ਪੁਲਸ ਤੇ ਅਧਿਕਾਰੀਆਂ ਨੂੰ ਖਾਲੀ ਮੁੜਨਾ ਪਿਆ। ਕਿਸਾਨਾਂ ਨੇ ਮਸ਼ੀਨਰੀ ਕਬਜ਼ੇ 'ਚ ਲੈ ਲਈ।

ਫਰਾਂਸ ਨੂੰ ਜ਼ਬਰਦਸਤ ਧੱਕਾ

ਦੋਹਾ : ਵਿਸ਼ਵ ਫੁੱਟਬਾਲ ਕੱਪ ਦੀ ਸ਼ੁਰੂਆਤ ਤੋਂ ਪਹਿਲਾਂ ਸਟਾਰ ਖਿਡਾਰੀ ਕਰੀਮ ਬੈਨਜ਼ੇਮਾ ਦੇ ਫੱਟੜ ਹੋ ਕੇ ਬਾਹਰ ਹੋ ਜਾਣ ਕਾਰਨ ਫਰਾਂਸ ਨੂੰ ਜ਼ਬਰਦਸਤ ਧੱਕਾ ਲੱਗਾ। 34 ਸਾਲਾ ਬੈਨਜ਼ੇਮਾ, ਜਿਸਨੂੰ ਇਸ ਸਾਲ ਦੁਨੀਆ ਦੇ ਬਿਹਤਰੀਨ ਖਿਡਾਰੀ ਵਜੋਂ ਬੈਲੋਨ ਡੀ'ਓਰ ਖਿਤਾਬ ਨਾਲ ਨਵਾਜਿਆ ਗਿਆ ਸੀ, ਦਾ ਸ਼ਨੀਵਾਰ ਟਰੇਨਿੰਗ ਸੈਸ਼ਨ ਵਿਚ ਖੱਬਾ ਪੱਟ ਜ਼ਖਮੀ ਹੋ ਗਿਆ। ਪਹਿਲਾਂ ਤਾਂ ਉਸਨੂੰ ਆਸਟਰੇਲੀਆ ਖਿਲਾਫ ਪਹਿਲੇ ਮੈਚ 'ਚ ਬਿਠਾਉਣ ਦੀ ਗੱਲ ਹੋਈ ਪਰ ਸਕੈਨਿੰਗ ਤੋਂ ਬਾਅਦ ਪਤਾ ਲੱਗਾ ਕਿ ਉਸਨੇ ਸਾਰੇ ਟੂਰਨਾਮੈਂਟ ਤਕ ਫਿੱਟ ਨਹੀਂ ਹੋਣਾ। ਨਤੀਜੇ ਵਜੋਂ ਉਸਨੂੰ ਬਦਲਣਾ ਪਿਆ।

ਭਾਰਤ ਨੇ ਨਿਊਜ਼ੀਲੈਂਡ ਨੂੰ ਹਰਾਇਆ

ਮੌਂਗਨੂਈ : ਭਾਰਤ ਨੇ ਐਤਵਾਰ ਦੂਜੇ ਟੀ-20 ਮੈਚ 'ਚ ਨਿਊਜ਼ੀਲੈਂਡ ਨੂੰ 65 ਦੌੜਾਂ ਨਾਲ ਹਰਾ ਕੇ ਤਿੰਨ ਮੈਚਾਂ ਦੀ ਲੜੀ ਵਿਚ 1-0 ਦੀ ਲੀਡ ਲੈ ਲਈ। ਪਹਿਲਾ ਮੈਚ ਮੀਂਹ ਕਾਰਨ ਰੱਦ ਹੋ ਗਿਆ ਸੀ। ਸੂਰਿਆ ਕੁਮਾਰ ਯਾਦਵ (ਅਜੇਤੂ 111) ਦੀ ਬਦੌਲਤ ਭਾਰਤ ਨੇ ਛੇ ਵਿਕਟਾਂ 'ਤੇ 191 ਦੌੜਾਂ ਬਣਾਈਆਂ। ਨਿਊਜ਼ੀਲੈਂਡ ਦੀ ਟੀਮ 18.5 ਓਵਰਾਂ 'ਚ 126 ਦੌੜਾਂ ਬਣਾ ਸਕੀ। ਦੀਪਕ ਹੁੱਡਾ ਨੇ 2.5 ਓਵਰਾਂ 'ਚ 10 ਦੌੜਾਂ ਦੇ ਕੇ 4 ਵਿਕਟਾਂ ਲਈਆਂ।

ਡੇਰਾ ਪ੍ਰੇਮੀ ਦੀ ਹੱਤਿਆ ਦਾ ਛੇਵਾਂ ਮੁਲਜ਼ਮ ਜੈਪੁਰ 'ਚ ਕਾਬੂ

ਚੰਡੀਗੜ੍ਹ : ਗੈਂਗਸਟਰ ਵਿਰੋਧੀ ਟਾਸਕ ਫੋਰਸ ਨੇ ਕੋਟਕਪੂਰਾ 'ਚ ਡੇਰਾ ਪ੍ਰੇਮੀ ਪ੍ਰਦੀਪ ਸਿੰਘ ਦੀ ਹੱਤਿਆ 'ਚ ਕਥਿਤ ਤੌਰ 'ਤੇ ਸ਼ਾਮਲ ਰਮਜ਼ਾਨ ਖਾਨ ਉਰਫ ਰਾਜ ਹੁੱਡਾ ਨੂੰ ਜੈਪੁਰ 'ਚ ਮੁਕਾਬਲੇ ਤੋਂ ਬਾਅਦ ਕਾਬੂ ਕਰ ਲਿਆ। ਛੇਵੇਂ ਮੁਲਜ਼ਮ ਨੂੰ ਕੇਂਦਰੀ ਏਜੰਸੀਆਂ ਅਤੇ ਰਾਜਸਥਾਨ ਪੁਲਸ ਦੇ ਤਾਲਮੇਲ ਨਾਲ ਫੜਿਆ ਗਿਆ।

ਇਕ ਦਹਿਸ਼ਤਗਰਦ ਹਲਾਕ, 3 ਗ੍ਰਿਫ਼ਤਾਰ

ਸ੍ਰੀਨਗਰ : ਅਨੰਤਨਾਗ ਜ਼ਿਲ੍ਹੇ 'ਚ ਐਤਵਾਰ ਸਵੇਰੇ ਮੁਕਾਬਲੇ 'ਚ ਹਾਈਬ੍ਰਿਡ ਦਹਿਸ਼ਤਗਰਦ ਮਾਰਿਆ ਗਿਆ। ਪੁਲਸ ਟੀਮ ਉਸ ਨੂੰ ਟਿਕਾਣੇ ਦੀ ਪਛਾਣ ਕਰਨ ਲਈ ਲੈ ਕੇ ਗਈ ਸੀ ਤੇ ਜਦੋਂ ਸ਼ੱਕੀ ਟਿਕਾਣੇ 'ਤੇ ਪਹੁੰਚੀ ਤਾਂ ਦਹਿਸ਼ਤਗਰਦਾਂ ਨੇ ਗੋਲੀਬਾਰੀ ਕਰ ਦਿੱਤੀ, ਜਿਸ 'ਚ ਕੁਲਗਾਮ ਦਾ ਲਸ਼ਕਰ ਦਹਿਸ਼ਤਗਰਦ ਸੱਜਾਦ ਤਾਂਤ੍ਰੇ ਮਾਰਿਆ ਗਿਆ। ਇਸੇ ਦੌਰਾਨ ਪੁਲਸ ਨੇ ਕਿਹਾ ਹੈ ਕਿ ਫੌਜ ਅਤੇ ਪੁਲਸ ਨੇ ਸ੍ਰੀਨਗਰ ਦੇ ਬਾਹਰੀ ਇਲਾਕੇ ਵਿਚੋਂ ਤਿੰਨ ਹਾਈਬ੍ਰਿਡ ਦਹਿਸ਼ਤਗਰਦਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਤੋਂ ਤਿੰਨ ਏਕੇ ਰਾਈਫਲਾਂ, ਦੋ ਪਿਸਤੌਲਾਂ, ਨੌਂ ਮੈਗਜ਼ੀਨ ਅਤੇ 200 ਕਾਰਤੂਸ ਬਰਾਮਦ ਕੀਤੇ ਹਨ।

ਅਮੋਲ ਪਾਲੇਕਰ ਪਤਨੀ ਸਮੇਤ ਰਾਹੁਲ ਨਾਲ ਤੁਰੇ

ਬਲਧਾਨਾ : ਉੱਘੇ ਅਦਾਕਾਰ ਅਮੋਲ ਪਾਲੇਕਰ ਤੇ ਉਨ੍ਹਾ ਦੀ ਪਤਨੀ, ਲੇਖਕਾ ਤੇ ਫਿਲਮਸਾਜ਼ ਸੰਧਿਆ ਗੋਖਲੇ

21-NOV-PAGE-1.qxd 11/20/2022 9:56 PM Page 2

ਸਿੱਖਿਆ ਮੰਤਰੀ ਦਾ ਕੰਪਿਊਟਰ ਅਧਿਆਪਕਾਂ ਸੰਬੰਧੀ ਐਲਾਨ 'ਤੇ ਖਰੇ ਨਾ ਉਤਰਨਾ ਨਿਖੇਧੀਯੋਗ : ਡੀ ਟੀ ਐੱਫ

ਸੰਗਰੂਰ (ਪ੍ਰਵੀਨ ਸਿੰਘ)-ਡੈਮੋਕ੍ਰੇਟਿਕ ਟੀਚਰ ਫਰੰਟ ਪੰਜਾਬ ਨੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਕੰਪਿਊਟਰ ਅਧਿਆਪਕਾਂ ਦੀਆਂ ਦੀਵਾਲੀ ਮੌਕੇ ਮੰਗਾਂ ਪੂਰੀਆਂ ਕਰਨ ਦੇ ਜਨਤਕ ਐਲਾਨ 'ਤੇ ਖਰੇ ਨਾ ਉਤਰਨ ਦੀ ਸਖਤ ਨਿਖੇਧੀ ਕੀਤੀ ਹੈ ਅਤੇ ਇਸ ਮਾਮਲੇ ਨੂੰ 'ਆਪ' ਸਰਕਾਰ ਦੀ ਭਰੋਸੇਯੋਗਤਾ 'ਤੇ ਗੰਭੀਰ ਪ੍ਰਸ਼ਨ ਚਿੰਨ੍ਹ ਕਰਾਰ ਦਿੱਤਾ ਹੈ।

ਡੀ.ਟੀ.ਐੱਫ. ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਸੂਬਾ ਜਨਰਲ ਸਕੱਤਰ ਮੁਕੇਸ਼ ਕੁਮਾਰ ਅਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਦੱਸਿਆ ਕਿ ਸਿੱਖਿਆ ਮੰਤਰੀ ਵੱਲੋਂ ਬਿਆਨ ਜਾਰੀ ਕਰਕੇ 24 ਅਕਤੂਬਰ ਭਾਵ ਦੀਵਾਲੀ ਮੌਕੇ ਕੰਪਿਊਟਰ ਅਧਿਆਪਕਾਂ 'ਤੇ ਛੇਵੇਂ ਪੰਜਾਬ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਤੇ ਸਿਵਲ ਸਰਵਿਸ ਨਿਯਮ ਲਾਗੂ ਕਰਨ ਦਾ ਐਲਾਨ ਕੀਤਾ ਗਿਆ ਸੀ, ਪ੍ਰੰਤੂ ਇਸ ਨੂੰ ਅਮਲੀ ਜਾਮਾ ਪਹਿਨਾਉਣ ਵਿਚ ਸਿੱਖਿਆ ਮੰਤਰੀ ਹਾਲੇ ਤੱਕ ਨਾਕਾਮਯਾਬ ਰਹੇ ਹਨ। ਉਨ੍ਹਾਂ ਦੱਸਿਆ ਕਿ ਜਥੇਬੰਦੀ ਵੱਲੋਂ ਲੰਬੇ ਸਮੇਂ ਤੋਂ ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਮਰਜ ਕਰਨ, ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਦੀਆਂ ਪੂਰੀਆਂ ਸਿਫਾਰਸ਼ਾਂ ਅਤੇ ਪੰਜਾਬ ਸਿਵਲ ਸਰਵਿਸ ਦੇ ਸਾਰੇ ਰੂਲਜ ਲਾਗੂ ਕਰਨ ਦੀ ਮੰਗ ਕੀਤੀ ਜਾ ਰਹੀ ਹੈ।

ਇਸ ਮੌਕੇ ਡੀ.ਟੀ.ਐੱਫ ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਗਿਰ ਨੇ ਕਿਹਾ ਕਿ ਕੰਪਿਊਟਰ ਫੈਕਲਿਟੀ ਵੱਲੋਂ ਪਿਛਲੇ ਅਠਾਰਾਂ-ਅਠਾਰਾਂ ਸਾਲਾਂ ਤੋਂ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਤਨਦੇਹੀ ਨਾਲ ਸਿੱਖਿਆ ਦਿੱਤੀ ਜਾ ਰਹੀ ਹੈ। ਪ੍ਰੰਤੂ ਇਨ੍ਹਾਂ ਸਮਿਆਂ ਦੌਰਾਨ ਇਨ੍ਹਾਂ ਅਧਿਆਪਕਾਂ ਦੀਆਂ ਮੰਗਾਂ ਨੂੰ ਵੱਖ-ਵੱਖ ਸਰਕਾਰਾਂ ਵੱਲੋਂ ਪੂਰੀਆਂ ਕਰਨ ਦੀ ਥਾਂ ਲਟਕਾਉਣ ਦੀ ਨੀਤੀ ਤੋਂ ਕੰਮ ਲਿਆ ਗਿਆ ਤੇ ਕੰਪਿਊਟਰ ਅਧਿਆਪਕਾਂ ਨੂੰ ਪੰਜਾਬ ਦੀ ਆਪਣੀ ਪਿਕਟਸ ਸੁਸਾਇਟੀ ਅਧੀਨ ਰੈਗੂਲਰ ਹੋਣ ਦੇ ਬਾਵਜੂਦ ਪੱਕੇ ਮੁਲਾਜ਼ਮਾਂ ਵਾਲੀਆਂ ਕਈ ਸੁਵਿਧਾਵਾਂ ਤੋਂ ਵਾਂਝੇ ਰੱਖਿਆ ਹੋਇਆ ਹੈ।

ਸੂਬਾ ਕਮੇਟੀ ਮੈਂਬਰ ਰਘਬੀਰ ਸਿੰਘ ਭਵਾਨੀਗੜ੍ਹ, ਮੇਘਰਾਜ ਅਤੇ ਦਲਜੀਤ ਸ਼ਫੀਪੁਰ, ਜ਼ਿਲ੍ਹਾ ਕਮੇਟੀ ਮੈਂਬਰ ਅਮਨ ਵਿਚ ਵਸ਼ਿਸ਼ਟ, ਕਰਮਜੀਤ ਨਦਾਮਪੁਰ, ਕਮਲ ਘੋੜੇਨਾਵ, ਦੀਨਾ ਨਾਥ, ਰਾਜ ਸੈਣੀ ਤੇ ਕੁਲਵੰਤ ਖਨੌਰੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਆਪਣੇ ਕੈਬਨਿਟ ਮੰਤਰੀ ਵੱਲੋਂ ਕੀਤੇ ਇਸ ਐਲਾਨ ਨੂੰ ਪੂਰਾ ਕਰਨ ਲਈ ਦਖ਼ਲ ਦੇਣਾ ਚਾਹੀਦਾ ਹੈ ਤਾਂ ਜੁ ਆਮ ਆਦਮੀ ਪਾਰਟੀ ਸਰਕਾਰ ਦੀ ਭਰੋਸੇ ਯੋਗਤਾ ਬਹਾਲ ਰਹਿ ਸਕੇ।

ਗੁਜਰਾਤ ਵਿਧਾਨ ਸਭਾ ਚੋਣਾਂ 'ਚ ਡਟੇ ਦੇਵ ਮਾਨ

ਨਾਭਾ (ਵਰਿੰਦਰ ਵਰਮਾ) ਜਿਸ ਤਰ੍ਹਾਂ ਦਿੱਲੀ ਤੇ ਪੰਜਾਬ ਵਿੱਚ ਜਨਤਾ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ ਹੈ, ਉਸ ਤਰ੍ਹਾਂ ਹੁਣ ਗੁਜਰਾਤ ਵਿੱਚ ਵੀ ਬਦਲਾਅ ਹੋਵੇਗਾ ਤੇ ਗੁਜਰਾਤ ਦੀ ਜਨਤਾ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਫਤਵਾ ਦੇਵੇਗੀ। ਇਨਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨਾਭਾ ਨੇ ਵਿਧਾਨ ਸਭਾ ਘਰਵਾੜਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸਲੇਸ਼ ਬਿਬੋਰ ਦੇ ਹੱਕ ਵਿੱਚ ਚੋਣ ਪ੍ਰਚਾਰ ਦੌਰਾਨ ਕੀਤਾ।

ਉਨ੍ਹਾਂ ਕਿਹਾ ਕਿ ਗੁਜਰਾਤ ਵਿੱਚ ਪਿਛਲੇ 27 ਸਾਲਾਂ ਤੋਂ ਬੀ.ਜੇ.ਪੀ ਪਾਰਟੀ ਦੀ ਸਰਕਾਰ ਹੈ, ਜਿਸ ਤੋਂ ਲੋਕ ਬਹੁਤ ਦੁੱਖੀ ਹਨ। ਕਿਉਂਕਿ ਉਹਨਾ ਨੂੰ ਹੁਣ ਤੱਕ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਹਨ, ਇਸ ਲਈ ਗੁਜਰਾਤ ਦੀ ਜਨਤਾ ਬਦਲਾਅ ਲਈ ਤਿਆਰ ਹੈ। ਦੇਵ ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਗੁਜਰਾਤ ਚੋਣਾਂ ਵਿੱਚ ਜੇਤੂ ਰਹੇਗੀ ਤੇ ਉਨ੍ਹਾਂ ਨੂੰ ਯਕੀਨ ਹੈ ਕਿ ਸੂਬੇ ਵਿੱਚ 'ਆਪ' ਦੀ ਸਰਕਾਰ ਬਣੇਗੀ।

ਇਸ ਮੌਕੇ ਉਨ੍ਹਾਂ ਦੇ ਨਾਲ ਸੁਜਾਤਾ ਚਾਵਲਾ ਪ੍ਰਧਾਨ ਨਗਰ ਕੌਂਸਲ, ਮਨਪ੍ਰੀਤ ਸਿੰਘ ਧਾਰੋਕੀ, ਦੀਪਾ ਰਾਮਗੜ੍ਹ, ਗੁਰਦੀਪ ਸਿੰਘ ਟਿਵਾਣਾ, ਅਮਨਦੀਪ ਸਿੰਘ ਰਹਿਲ, ਸੁਖਦੀਪ ਸਿੰਘ ਖਹਿਰਾ, ਸਿਮਰਨਜੀਤ ਸਿੰਘ ਅੜਕ ਚੌਹਾਨ, ਮਨਜੋਤ ਸਿੰਘ ਲੱਧਾਹੇੜੀ, ਰਾਜ ਕੁਮਾਰ ਜੱਸੋਮਾਜਰਾ, ਸੁੱਖ ਸੁਰਾਜਪੁਰ ਤੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਮੌਜੂਦ ਸਨ।

ਔਰਤ ਕੋਲੋਂ ਬੱਚਾ ਖੋਹਣ ਤੇ ਉਸ ਦੀ ਕੁੱਟਮਾਰ ਕਰਕੇ ਦਿੱਤੀਆਂ ਧਮਕੀਆਂ

ਫਿਰੋਜ਼ਪੁਰ (ਅਸ਼ੋਕ ਸ਼ਰਮਾ) ਔਰਤ ਕੋਲੋਂ ਬੱਚਾ ਖੋਹਣ ਤੇ ਉਸ ਦੀ ਕੁੱਟਮਾਰ ਕਰਕੇ ਧਮਕੀਆਂ ਦੇਣ ਦੇ ਦੋਸ਼ ਵਿਚ ਥਾਣਾ ਗੁਰੂਹਰਸਹਾਏ ਪੁਲਸ ਨੇ 6 ਲੋਕਾਂ ਖਿਲਾਫ 323, 341, 506, 148, 149 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਗੁਰਦਿਆਲ ਕੌਰ ਪਤਨੀ ਸੋਨਾ ਸਿੰਘ ਵਾਸੀ ਛਾਂਗਾ ਰਾਏ ਉਤਾੜ ਨੇ ਦੱਸਿਆ ਕਿ ਉਸ ਦੀ ਲੜਕੀ ਊਸ਼ਾ ਜੋ ਗੁਰਮੇਜ ਸਿੰਘ ਪੁੱਤਰ ਪ੍ਰੀਤਮ ਸਿੰਘ ਨਾਲ ਸ਼ਾਦੀਸ਼ੁਦਾ ਸੀ ਤੇ ਉਸ ਦਾ ਸਹੁਰਾ ਪਰਿਵਾਰ ਨੇ ਕੁਝ ਸਮੇਂ ਬਾਅਦ ਹੀ ਉਸ ਨੂੰ ਤੰਗ ਪ੍ਰੇਸ਼ਾਨ ਕਰਨ ਸ਼ੁਰੂ ਕਰ ਦਿੱਤਾ, ਜਿਨ੍ਹਾਂ ਖਿਲਾਫ ਥਾਣਾ ਵੈਰੋਕੇ ਜ਼ਿਲ੍ਹਾ ਫਾਜ਼ਿਲਕਾ ਵਿਖੇ ਮੁਕੱਦਮਾ ਦਰਜ ਰਜਿਸਟਰ ਹੈ। ਜੋ ਉਸ ਤੋਂ ਬਾਅਦ ਮਜ਼ਰੂਬਾ ਦੀ ਲੜਕੀ ਊਸ਼ਾ ਆਪਣੇ ਲੜਕੇ ਪਰਵੰਸ਼ ਸਿੰਘ ਨਾਲ ਆਪਣੇ ਪੇਕੇ ਘਰ ਰਹਿਣ ਲੱਗ ਪਈ।

ਗੁਰਦਿਆਲ ਕੌਰ ਨੇ ਦੱਸਿਆ ਕਿ 17 ਨਵੰਬਰ ਨੂੰ ਉਹ ਆਪਣੇ ਦੋਹਤੇ ਪਰਵੰਸ਼ ਨਾਲ ਬਾਹਰ ਗਲੀ ਵਿਚ ਖੜੀ ਸੀ ਤਾਂ ਗੁਰਮੇਜ ਸਿੰਘ ਪੁੱਤਰ ਪ੍ਰੀਤਮ ਸਿੰਘ, ਪ੍ਰੀਤਮ ਸਿੰਘ ਪੁੱਤਰ ਰਾਜ ਸਿੰਘ, ਸ਼ੀਲੋ ਬੀਬੀ ਪਤਨੀ ਪ੍ਰੀਤਮ ਸਿਘ, ਸੰਤੋਸ਼ ਰਾਣੀ ਪੁੱਤਰੀ ਪ੍ਰੀਤਮ ਸਿੰਘ, ਪ੍ਰੇਮ ਪੁੱਤਰ ਜੀਤਾ ਵਾਸੀਅਨ ਬਾਹਮਣੀ ਵਾਲਾ (ਢਾਣੀ ਰਾਜ ਸਿੰਘ), ਗੁਰਮੀਤ ਸਿੰਘ ਪੁੱਤਰ ਧੂਮ ਸਿੰਘ ਵਾਸੀ ਗੋਲੂ ਕਾ ਮੋੜ ਨੇ ਉਸ ਨੂੰ ਘੇਰ ਕੇ ਉਸ ਕੋਲੋਂ ਬੱਚਾ ਖੋਹਣ ਲੱਗੇ ਤੇ ਉਸ ਦੀ ਕੁੱਟਮਾਰ ਕੀਤੀ ਤੇ ਧਮਕੀਆਂ ਦਿੱਤੀਆਂ। ਇਸ ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਆਤਮਾ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

ਸਿੱਧਾ ਸਰਕਾਰ ਉਤੇ ਦਬਾਅ ਪਾਉਣ ਵਾਲੇ ਘੋਲ ਦੇ ਨਵੇਂ ਢੰਗ ਅਖਤਿਆਰ ਕਰੋ, ਲਿਬਰੇਸ਼ਨ ਵੱਲੋਂ ਕਿਸਾਨ ਜਥੇਬੰਦੀਆਂ ਨੂੰ ਅਪੀਲ

ਮਾਨਸਾ (ਗੀਤਵਾਲ) ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕਿਸਾਨ ਅੰਦੋਲਨ ਖਿਲਾਫ ਦਿੱਤੇ ਬਿਆਨ ਦੀ ਸਖਤ ਨਿੰਦਾ ਕਰਦੇ ਹੋਏ ਸੀ ਪੀ ਆਈ (ਐਮ ਐਲ) ਲਿਬਰੇਸ਼ਨ ਨੇ ਕਿਸਾਨ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਅਣਮਿੱਥੇ ਸਮੇਂ ਲਈ ਸੂਬੇ ਦੀਆਂ ਮੁੱਖ ਸੜਕਾਂ ਜਾਮ ਕਰਨ ਦੀ ਬਜਾਏ ਉਹ ਅੰਦੋਲਨ ਦੇ ਅਜਿਹੇ ਨਵੇਂ ਢੰਗ ਤਰੀਕੇ ਅਖਤਿਆਰ ਕਰਨ ਜਿਨ੍ਹਾਂ ਰਾਹੀਂ ਸਿੱਧਾ ਸਰਕਾਰ ਉਤੇ ਦਬਾਅ ਬਣੇ ਅਤੇ ਦਿੱਲੀ ਮੋਰਚੇ ਵਾਂਗ ਆਮ ਜਨਤਾ ਦਾ ਸਮਰਥਨ ਤੇ ਸਹਿਯੋਗ ਵੀ ਕਿਸਾਨ ਸੰਘਰਸ਼ ਨੂੰ ਮਿਲਦਾ ਰਹੇ। ਲਿਬਰੇਸ਼ਨ ਦੇ ਸੂਬਾਈ ਬੁਲਾਰੇ ਸੁਖਦਰਸ਼ਨ ਸਿੰਘ ਨੱਤ ਵੱਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਦਿੱਲੀ ਮੋਰਚੇ ਦੀ ਸਮਾਪਤੀ ਮੌਕੇ ਤਿੰਨ ਕਾਲੇ ਖੇਤੀ ਕਾਨੂੰਨਾਂ ਵਾਪਸ ਲੈਣ ਤੋਂ ਸਿਵਾ ਮੋਦੀ ਸਰਕਾਰ ਮੰਨੀਆਂ ਹੋਈਆਂ ਬਾਕੀ ਮੰਗਾਂ ਪੂਰੀਆਂ ਕਰਨ ਤੋਂ ਮੁਨਕਰ ਹੋ ਗਈ ਹੈ। ਇਸ ਲਈ ਅਜਿਹੇ ਮੌਕੇ ਸੰਯੁਕਤ ਕਿਸਾਨ ਮੋਰਚੇ ਵਿਚ ਪਾਈ ਦੁਫੇੜ ਬੜੀ ਮੰਦਭਾਗੀ ਹੈ। ਮੰਨੀਆਂ ਮੰਗਾਂ ਪੂਰੀਆਂ ਕਰਵਾਉਣ ਅਤੇ ਲਖੀਮਪੁਰ ਖੀਰੀ ਕਾਂਡ ਦੇ ਮਾਸਟਰ ਮਾਈਂਡ ਅਜੇ ਮਿਸ਼ਰਾ ਨੂੰ ਕੇਂਦਰੀ ਵਜ਼ਾਰਤ ਵਿਚੋਂ ਖਾਰਜ ਕਰਵਾਉਣ ਲਈ ਦੇਸ਼ ਭਰ ਦੀਆਂ ਕਿਸਾਨ ਜਥੇਬੰਦੀਆਂ ਅਤੇ ਸੰਯੁਕਤ ਕਿਸਾਨ ਮੋਰਚਾ ਦੀ ਚਟਾਨੀ ਏਕਤਾ ਬੇਹੱਦ ਜ਼ਰੂਰੀ ਹੈ। ਇਸੇ ਤਰ੍ਹਾਂ ਪੰਜਾਬ ਸਰਕਾਰ ਨਾਲ ਸੰਬੰਧਤ ਮੰਗਾਂ ਪੂਰੀਆਂ ਕਰਵਾਉਣ ਲਈ ਇਕੱਲੀ ਇਕੱਲੀ ਕਿਸਾਨ ਜਥੇਬੰਦੀ ਵਲੋਂ ਕਦੇ ਸੰਗਰੂਰ, ਕਦੇ ਡੀ ਸੀ ਦਫਤਰਾਂ ਅੱਗੇ ਜਾਂ ਸੜਕਾਂ ਉਤੇ ਧਰਨੇ ਲਾਉਣ ਦੀ ਬਜਾਏ ਅਗਰ ਕਿਸਾਨ ਮੋਰਚੇ ਵਲੋਂ ਇਕਜੁੱਟ ਹੋ ਕੇ ਚੰਡੀਗੜ੍ਹ ਵਿਖੇ ਮੋਰਚਾ ਲਾਇਆ ਜਾਵੇ, ਤਾਂ ਆਮ ਜਨਤਾ ਨੂੰ ਤੰਗੀ ਦੇਣ ਦੀ ਬਜਾਏ, ਮਾਨ ਸਰਕਾਰ ਨੂੰ ਛੇਤੀ ਹੀ ਸਾਰੀਆਂ ਲਟਕਦੀਆਂ ਮੰਗਾਂ ਲਈ ਪੂਰੀਆਂ ਕਰਨ ਲਈ ਮਜਬੂਰ ਕੀਤਾ ਜਾ ਸਕਦਾ ਹੈ । ਲਿਬਰੇਸ਼ਨ ਆਗੂ ਦਾ ਕਹਿਣਾ ਹੈ ਕਿ ਕਿਸਾਨ ਆਗੂਆਂ ਨੂੰ ਚਾਹੀਦਾ ਹੈ ਕਿ ਆਪਸੀ ਫਤਵੇਬਾਜ਼ੀ ਵਿਚ ਉਲਝਣ ਤੇ ਪਾਟੋਧਾੜ ਹੋਣ ਦੀ ਬਜਾਏ, ਸਿਰ 'ਤੇ ਖੜ੍ਹੇ ਕੌਮਾਂਤਰੀ ਆਰਥਿਕ ਮੰਦਵਾੜੇ ਦੀ ਭਿਆਨਕ ਤਬਾਹੀ ਤੋਂ ਕਿਸਾਨੀ ਨੂੰ ਬਚਾਉਣ ਲਈ ਉਹ 2020 ਵਾਂਗ ਇਕ ਵਾਰ ਮੁੜ ਸਮੁੱਚੀ ਕਿਸਾਨੀ ਨੂੰ ਇਕਜੁੱਟ ਕਰਨ ਲਈ ਖੁੱਲ੍ਹਦਿਲੀ ਨਾਲ ਅੱਗੇ ਆਉਣ।

ਪ੍ਰਾਇਮਰੀ ਸਕੂਲਾਂ ਦੇ ਕੁਸ਼ਤੀ ਮੁਕਾਬਲਿਆਂ 'ਚ ਹਰਪ੍ਰੀਤ ਅਤਲਾ ਕਲਾਂ ਨੇ ਮਾਰੀ ਬਾਜ਼ੀ

ਮਾਨਸਾ (ਆਤਮਾ ਸਿੰਘ ਪਮਾਰ) ਜ਼ਿਲ੍ਹਾ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਮਾਨਸਾ ਦੇ ਕੁਸ਼ਤੀ ਮੁਕਾਬਲੇ ਸੰਜੀਵ ਕੁਮਾਰ ਜ਼ਿਲ੍ਹਾ ਸਿੱਖਿਆ ਅਫਸਰ ਪ੍ਰਾਇਮਰੀ ਮਾਨਸਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਬੀ ਪੀ ਈ ਓ ਅਮਨਦੀਪ ਸਿੰਘ ਔਲਖ, ਲਖਵਿੰਦਰ ਸਿੰਘ, ਡੀ ਐੱਮ ਸਪੋਰਟਸ ਗੁਰਦੀਪ ਸਿੰਘ ਦੀ ਦੇਖ ਰੇਖ ਤਹਿਤ ਦਸਮੇਸ਼ ਕੁਸ਼ਤੀ ਅਖਾੜਾ ਰਾਮਦਿੱਤੇ ਵਾਲਾ ਵਿਖੇ ਕਰਵਾਏ ਗਏ। ਜਿਸ ਦਾ ਉਦਘਾਟਨ ਗੁਰਲਾਭ ਸਿੰਘ ਉਪ ਜ਼ਿਲ੍ਹਾ ਸਿੱਖਿਆ ਅਫਸਰ ਪ੍ਰਾਇਮਰੀ ਵੱਲੋਂ ਕੀਤਾ ਗਿਆ। ਉਨ੍ਹਾਂ ਨੰਨ੍ਹੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਦਿਆਂ ਕਿਹਾ ਕਿ ਪੰਜਾਬ ਪੱਧਰ ਦੇ ਅਗਲੇ ਮੁਕਾਬਲਿਆਂ ਲਈ ਲੋੜੀਂਦੇ ਕੈਂਪ ਲਗਾ ਕੇ ਉਨ੍ਹਾਂ ਦੀ ਖੇਡ ਕਲਾ ਨੂੰ ਹੋਰ ਨਿਖਾਰਿਆ ਜਾਵੇਗਾ। ਕੁਸ਼ਤੀ ਦੇ ਫਸਵੇਂ ਮੁਕਾਬਲਿਆਂ ਦੌਰਾਨ 25 ਕਿਲੋਗ੍ਰਾਮ ਦੇ ਵਰਗ 'ਚ ਅਰਸ਼ਦੀਪ ਸਿੰਘ ਬਰੇਟਾ ਪਿੰਡ ਨੇ ਪਹਿਲਾ, ਪਰਮਵੀਰ ਸਿੰਘ ਭੈਣੀ ਬਾਘਾ ਮਾਨਸਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਕੁਸ਼ਤੀ 28 ਕਿਲੋਗ੍ਰਾਮ 'ਚ ਹਰਪ੍ਰੀਤ ਸਿੰਘ ਅਤਲਾ ਕਲਾਂ ਮਾਨਸਾ ਨੇ ਪਹਿਲਾ,

ਯਸਰਾਜ ਸਿੰਘ ਲੋਹਗੜ੍ਹ ਸਰਦੂਲਗੜ੍ਹ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਕੁਸ਼ਤੀ 30 ਕਿਲੋਗ੍ਰਾਮ 'ਚ ਧਰਮਵੀਰ ਸਿੰਘ ਖੜਕ ਸਿੰਘ ਵਾਲਾ ਮਾਨਸਾ ਨੇ ਪਹਿਲਾ, ਹਨੀ ਖਾਂ ਭੀਖੀ ਕੁੜੀਆਂ ਬੁਢਲਾਡਾ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਜ਼ਿਲ੍ਹਾ ਪ੍ਰਾਇਮਰੀ ਸਕੂਲ ਖੇਡਾਂ ਦੇ ਪ੍ਰਬੰਧਕੀ ਇੰਚਾਰਜ ਹਰਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਬੇਸ਼ੱਕ ਇਹ ਜ਼ਿਲ੍ਹਾ ਪੱਧਰੀ ਖੇਡਾਂ 23 ਤੋਂ 25 ਨਵੰਬਰ ਤੱਕ ਮਾਨਸਾ ਦੇ ਖੇਡ ਸਟੇਡੀਅਮ ਵਿਖੇ ਹੋਣਗੀਆਂ,ਪਰ ਸਟੇਡੀਅਮ ਦੌਰਾਨ ਕੁਸ਼ਤੀ ਲਈ ਢੁਕਵਾਂ ਪ੍ਰਬੰਧ ਨਾ ਹੋਣ ਕਾਰਨ ਇਹ ਮੁਕਾਬਲੇ ਪਹਿਲਾਂ ਕਰਵਾਏ ਗਏ ਹਨ। ਕੁਸ਼ਤੀ ਮੁਕਾਬਲਿਆਂ ਦੌਰਾਨ ਕੋਚ ਸ਼ਾਹਬਾਜ ਸਿੰਘ, ਕਨਵੀਨਰ ਬਲਜਿੰਦਰ ਸਿੰਘ ਅਤਲਾ, ਰਾਮਨਾਥ ਸਿੰਘ ਧੀਰਾ, ਬੀ ਐੱਸ ਓ ਬਲਵਿੰਦਰ ਸਿੰਘ ਮਾਨਸਾ, ਰਣਜੀਤ ਸਿੰਘ ਝੁਨੀਰ, ਹਰਪ੍ਰੀਤ ਸਿੰਘ ਖੜਕ ਸਿੰਘ ਵਾਲਾ,ਪੀ ਟੀ ਆਈ ਬਲਵਿੰਦਰ ਸਿੰਘ, ਅਕਬਰ ਸਿੰਘ, ਰਵਿੰਦਰ ਕੁਮਾਰ ਧਿੰਗੜ ਅਤੇ ਅਖਾੜੇ ਦੇ ਪਹਿਲਵਾਨਾਂ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸੇ ਦੌਰਾਨ ਖਿਡਾਰੀਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ।

ਫੇਸਬੁਕ ਆਈ ਡੀ 'ਤੇ ਹਥਿਆਰਾਂ ਨਾਲ ਫੋਟੋਆਂ ਪਾਉਣ ਵਾਲਾ ਗ੍ਰਿਫ਼ਤਾਰ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ): ਫੇਸਬੁੱਕ ਆਈਡੀ 'ਤੇ ਹਥਿਆਰਾਂ ਨਾਲ ਫੋਟੋਆਂ ਪਾ ਕੇ ਆਮ ਲੋਕਾਂ ਵਿਚ ਦਹਿਸ਼ਤ ਦਾ ਮਾਹੌਲ ਪੈਦਾ ਕਰਨ ਵਾਲੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕਰਕੇ ਥਾਣਾ ਕੁੱਲਗੜ੍ਹੀ ਪੁਲਿਸ ਨੇ ਉਸ ਖਿਲਾਫ 153, 188, 506 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ।

ਏਐੱਸਆਈ ਵਿਨੋਦ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਿਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿਚ ਪਿੰਡ ਸਤੀਏ ਵਾਲਾ ਬਾਈਪਾਸ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਗੁਰਪ੍ਰੀਤ ਸਿੰਘ ਉਰਫ ਲਾਡੀ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਸ਼ੇਰਖਾਂ ਜੋ ਅਪਰਾਧੀ ਕਿਸਮ ਦਾ ਆਦਮੀ ਹੈ, ਜਿਸ 'ਤੇ ਪਹਿਲਾਂ ਵੀ ਕਈ ਮੁਕੱਦਮੇ ਦਰਜ ਹਨ ਜੋ ਆਪਣੀ ਫੇਸਬੁੱਕ ਆਈਡੀ 'ਤੇ ਹਥਿਆਰਾਂ ਨਾਲ ਫੋਟੋਆਂ ਪਾ ਰਿਹਾ ਹੈ ਤੇ ਆਮ ਲੋਕਾਂ ਵਿਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਰਿਹਾ ਹੈ। ਜੇਕਰ ਇਸ ਦੀ ਆਈਡੀ ਚੈੱਕ ਕੀਤੀ ਜਾਵੇ ਤਾਂ ਇਸ ਦੀ ਫੇਸਬੁੱਕ ਆਈਡੀ 'ਤੇ ਇਸ ਵੱਲੋਂ ਹਥਿਆਰਾਂ ਦੀ ਨੁਮਾਇਸ਼ ਨਾਲ ਪਾਈਆਂ ਗਈਆਂ ਹਨ, ਜਦਕਿ ਪੰਜਾਬ ਸਰਕਾਰ ਵੱਲੋਂ ਇਸ ਸਬੰਧ ਸਖਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਸ ਨੇ ਪਿੰਡ ਮੋਹਕਮ ਖਾਂ ਵਾਲਾ ਸਰਕਾਰੀ ਕਾਲਜ ਦੇ ਚੌਂਕੀਦਾਰ ਗੁਰਵੀਰ ਸਿੰਘ ਜੋ ਕਿ ਕ

21-Nov-PAGE-3.qxd 11/20/2022 10:15 PM Page 1

ਪੰਜਾਬ ਕਿਸਾਨ ਯੂਨੀਅਨ ਤੇ ਮਜ਼ਦੂਰ ਮੁਕਤੀ ਮੋਰਚਾ ਵੱਲੋਂ ਰੋਸ ਪ੍ਰਦਰਸ਼ਨ

26 ਨੂੰ ਚੰਡੀਗੜ੍ਹ ਰੈਲੀ 'ਚ ਜ਼ਿਲਾ ਗੁਰਦਾਸਪੁਰ ਤੋਂ ਪਹੁੰਚਣਗੇ ਹਜ਼ਾਰਾਂ ਕਿਸਾਨ: ਬੱਖਤਪੁਰਾ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)

ਪੰਜਾਬ ਕਿਸਾਨ ਯੂਨੀਅਨ ਅਤੇ ਮਜ਼ਦੂਰ ਮੁਕਤੀ ਮੋਰਚਾ ਦੇ ਵਰਕਰਾਂ ਦੀ ਮੀਟਿੰਗ ਇਥੋਂ ਨੇੜੇ ਪਿੰਡ ਨੜਾਂਵਾਲੀ ਵਿਖੇ ਗੁਰਦੀਪ ਸਿੰਘ ਕਾਮਲਪੁਰਾ ਅਤੇ ਬੇਅੰਤਪਾਲ ਸਿੰਘ ਡੇਹਰੀਵਾਲ ਕਿਰਨ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਮਜ਼ਦੂਰਾਂ ਤੇ ਕਿਸਾਨਾਂ ਦੇ ਆਗੂ ਅਤੇ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਅਤੇ ਅਸ਼ਵਨੀ ਕੁਮਾਰ ਲੱਖਣਕਲਾਂ ਨੇ ਕਿਹਾ ਕਿ 26 ਨਵੰਬਰ ਨੂੰ ਸੰਯੁਕਤ ਕਿਸਾਨ ਮੋਰਚੇ ਦੀ ਚੰਡੀਗੜ੍ਹ ਰੈਲੀ ਵਿੱਚ ਜ਼ਿਲ੍ਹਾ ਗੁਰਦਾਸਪੁਰ 'ਚੋਂ ਹਜ਼ਾਰਾਂ ਕਿਸਾਨ ਪਹੁੰਚਣਗੇ। ਆਗੂਆਂ ਕਿਹਾ ਕਿ ਮੋਦੀ ਸਰਕਾਰ ਐੱਮ. ਐੱਸ. ਪੀ. ਨੂੰ ਲਾਗੂ ਕਰਨ ਤੋਂ ਭੱਜ ਰਹੀ ਹੈ ਅਤੇ ਬਿਜਲੀ ਸੋਧ ਬਿੱਲ ਨੂੰ ਕਾਹਲੀ ਵਿੱਚ ਲਾਗੂ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਜੋ ਸੰਯੁਕਤ ਕਿਸਾਨ ਮੋਰਚੇ ਨਾਲ ਹੋਏ ਸਮਝੌਤੇ ਦੇ ਵਿਰੁੱਧ ਹੈ। ਸਰਕਾਰ ਨੇ ਲਖੀਮਪੁਰ ਖੀਰੀ ਦੇ ਕਿਸਾਨਾਂ ਦੇ ਕਤਲਾਂ ਵਿੱਚ ਅਸਿੱਧੇ ਤੌਰ 'ਤੇ ਸ਼ਾਮਿਲ ਕੇਂਦਰੀ ਗ੍ਰਹਿ ਮੰਤਰੀ ਟੈਨੀ ਨੂੰ ਵੀ ਸਰਕਾਰ 'ਚੋਂ ਬਰਖਾਸਤ ਨਹੀਂ ਕੀਤਾ ਗਿਆ। ਕਾਮਰੇਡ ਬੱਖਤਪੁਰਾ ਨੇ ਪੰਜਾਬ ਸਰਕਾਰ 'ਤੇ ਵਰ੍ਹਦਿਆਂ

ਕਿਹਾ ਕਿ 'ਆਪ' ਸਰਕਾਰ ਦੀ ਪੁਲਸ ਪੰਜਾਬ 'ਚੋਂ ਨਸ਼ੇ ਖਤਮ ਕਰਨ ਬਾਰੇ ਗੰਭੀਰ ਨਹੀਂ ਹੈ ਅਤੇ ਪੁਲਸ ਜਾਣਦੀ ਹੈ ਕਿ ਨਸ਼ੇ ਵੇਚਣ ਵਾਲੇ ਕਿਹੜੇ ਗ੍ਰੋਹ ਹਨ, ਪਰ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ। ਸਰਕਾਰ, ਪੁਲਸ ਅਤੇ ਉਸਦਾ ਸੂਹੀਆ ਵਿਭਾਗ ਗੈਂਗਸਟਰਾਂ ਨੂੰ ਵੀ ਕੰਟਰੋਲ ਕਰਨ ਤੋਂ ਅਸਮਰਥ ਦਿਸ ਰਿਹਾ ਹੈ, ਭਾਵੇਂਕਿ ਨਸ਼ੇ, ਗੈਂਗਸਟਰ ਅਤੇ ਫਿਰਕੂ ਟੋਲਿਆਂ ਦੀਆਂ ਕਾਰਵਾਈਆਂ ਪਿੱਛੇ ਕੇਂਦਰੀ ਏਜੰਸੀਆਂ ਦਾ ਹੱਥ ਹੈ ਜਿਸ ਨੂੰ ਨੰਗਾ ਕਰਨ ਵਿੱਚ ਮਾਨ ਸਰਕਾਰ ਅਯੋਗ ਸਾਬਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਚੋਣਾਂ ਸਮੇਂ ਰੇਤੇ 'ਚੋਂ ਵੱਡੇ-ਵੱਡੇ ਮੁਨਾਫੇ ਕਮਾਉਣ ਦੀ ਦਾਅਵੇਦਾਰ 'ਆਪ' ਸਰਕਾਰ ਦੇ ਰਾਜ ਵਿੱਚ 7 ਹਜ਼ਾਰ ਰੁਪਏ ਨੂੰ ਪ੍ਰਤੀ ਸੈਂਕੜਾ ਰੇਤਾ ਵਿਕ ਰਿਹਾ ਹੈ, ਜਿਸ ਕਾਰਨ ਲੱਖਾਂ ਉਸਾਰੀ ਕਾਮੇ ਵਿਹਲੇ ਹੋ ਗਏ ਹਨ। ਕੱਟੜ ਇਮਾਨਦਾਰ ਦੱਸਣ ਵਾਲੀ 'ਆਪ' ਸਰਕਾਰ ਦੇ ਰਾਜ ਵਿੱਚ ਭ੍ਰਿਸ਼ਟਾਚਾਰ 'ਚ ਵੀ ਕੋਈ ਕਮੀ ਨਹੀਂ ਆਈ। ਕੇਂਦਰੀ ਅਤੇ ਪੰਜਾਬ ਸਰਕਾਰ ਦੁਆਰਾ ਆਪਣੇ ਵਾਅਦਿਆਂ ਤੋਂ ਮੁੱਕਰ ਜਾਣ ਦੇ ਮਨਸੂਬਿਆਂ ਵਿਰੁੱਧ ਹੀ 26 ਨਵੰਬਰ ਨੂੰ ਚੰਡੀਗੜ੍ਹ ਵਿੱਚ ਰੈਲੀ ਕੀਤੀ ਜਾ ਰਹੀ ਹੈ। ਮੀਟਿੰਗ ਵਿੱਚ ਜਗੀਰ ਸਿੰਘ ਬੋਪਾਰਾਏ, ਸਹਿਦੇਵ ਸਿੰਘ ਕਲੇਰ, ਦਲਵਿੰਦਰ ਸਿੰਘ ਮੌੜ, ਮੁਖਵਿੰਦਰ ਸਿੰਘ, ਤਰਸੇਮ ਲਾਲ , ਸਤਪਾਲ ਅਤੇ ਹਰਜਿੰਦਰ ਸਿੰਘ ਸਰਾਏ ਕੋਠੀ ਆਦਿ ਆਗੂ ਸ਼ਾਮਲ ਸਨ।

ਸਾਈਨ ਬੋਰਡਾਂ 'ਤੇ ਪੰਜਾਬੀ ਲਿਖਣ ਸੰਬੰਧੀ ਮੁੱਖ ਮੰਤਰੀ ਦੀ ਅਪੀਲ ਦਾ 'ਪੰਜਾਬ ਜਾਗ੍ਰਤੀ ਮੰਚ' ਵਲੋਂ ਸੁਆਗਤ

ਜਲੰਧਰ, (ਨਵਾਂ ਜ਼ਮਾਨਾ ਸਰਵਿਸ)

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਪ੍ਰਚਾਰ-ਪ੍ਰਸਾਰ ਲਈ ਪਿਛਲੇ ਕਈ ਦਹਾਕਿਆਂ ਤੋਂ ਯਤਨਸ਼ੀਲ ਜਥੇਬੰਦੀ ਪੰਜਾਬ ਜਾਗ੍ਰਤੀ ਮੰਚ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਰਾਜ ਵਿਚ ਲਾਏ ਗਏ ਸਾਰੇ ਸਰਕਾਰੀ ਅਤੇ ਗ਼ੈਰ ਸਰਕਾਰੀ ਸਾਈਨ ਬੋਰਡਾਂ 'ਤੇ ਸਭ ਤੋਂ ਉੱਪਰ ਪੰਜਾਬੀ ਵਿਚ ਜਾਣਕਾਰੀ ਲਿਖਣ ਦੀ ਰਾਜ ਦੇ ਸਮੂਹ ਲੋਕਾਂ ਨੂੰ ਕੀਤੀ ਗਈ ਅਪੀਲ ਦੀ ਪ੍ਰਸ਼ੰਸਾ ਕੀਤੀ ਹੈ, ਇਸ ਸੰਬੰਧੀ ਬਿਆਨ ਮੰਚ ਦੇ ਪ੍ਰਧਾਨ ਸਤਨਾਮ ਸਿੰਘ ਮਾਣਕ ਅਤੇ ਜਨਰਲ ਸੈਕਟਰ ਦੀਪਕ ਬਾਲੀ ਵਲੋਂ ਇਥੇ ਜਾਰੀ ਕੀਤਾ ਗਿਆ। ਇਥੇ ਇਹ ਵਰਣਨ ਯੋਗ ਹੈ ਕਿ ਰਾਜ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਪੰਜਾਬ ਸਰਕਾਰ ਵਲੋਂ ਪੰਜਾਬੀ ਜ਼ੁਬਾਨ 'ਤੇ ਸੱਭਿਆਚਾਰ ਦੇ ਪ੍ਰਸਾਰ-ਪ੍ਰਚਾਰ ਲਈ ਮਨਾਏ ਜਾ ਰਹੇ 'ਪੰਜਾਬੀ ਮਹੀਨੇ' ਦੇ ਸੰਦਰਭ ਵਿਚ ਕਰਵਾਏ ਗਏ ਰਾਜ ਪੱਧਰੀ ਸਮਾਗਮ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਲੋਕਾਂ ਨੂੰ ਉਪਰੋਕਤ ਅਪੀਲ ਕੀਤੀ ਹੈ। ਉਨ੍ਹਾਂ ਨੇ ਆਪਣੇ ਇਸ ਭਾਸ਼ਣ ਵਿਚ

ਕਿਹਾ ਹੈ ਕਿ ਰਾਜ ਦੇ ਸਰਕਾਰੀ ਤੇ ਗੈਰ ਸਰਕਾਰੀ ਅਦਾਰਿਆਂ ਅਤੇ ਆਮ ਲੋਕਾਂ ਨੂੰ ਆਪਣੇ ਅਦਾਰਿਆਂ ਦੇ ਸਾਈਨ ਬੋਰਡਾਂ 'ਤੇ ਸਭ ਤੋਂ ਉਪਰ ਪੰਜਾਬੀ ਵਿਚ ਜਾਣਕਾਰੀ ਲਿਖਣ ਲਈ ਸਰਕਾਰ 21 ਫਰਵਰੀ ਤੱਕ ਦਾ ਸਮਾਂ ਦੇਵੇਗੀ ਅਤੇ ਜੇ ਲੋੜ ਪਈ ਤਾਂ ਇਸ ਤੋਂ ਬਾਅਦ ਸਰਕਾਰ ਲੋੜੀਂਦੀ ਕਾਰਵਾਈ ਵੀ ਕਰੇਗੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਮਹਾਰਾਸ਼ਟਰ, ਤਮਿਲਨਾਡੂ ਤੇ ਹੋਰ ਬਹੁਤ ਸਾਰੇ ਗੈਰ-ਹਿੰਦੀ ਭਾਸ਼ੀ ਰਾਜਾਂ ਵਿਚ ਸਾਈਨ ਬੋਰਡਾਂ 'ਤੇ ਉਥੋਂ ਦੀ ਖੇਤਰੀ ਜ਼ੁਬਾਨ ਸਭ ਤੋਂ ਉੱਪਰ ਲਿਖੀ ਜਾਂਦੀ ਹੈ। ਪੰਜਾਬੀਆਂ ਨੂੰ ਵੀ ਇਸੇ ਰਿਵਾਇਤ ਦੀ ਪਾਲਣਾ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਕਿ ਬਿਨਾਂ ਸ਼ੱਕ ਅੰਗਰੇਜ਼ੀ, ਹਿੰਦੀ ਅਤੇ ਹੋਰ ਜ਼ੁਬਾਨਾਂ ਦੀ ਅਜੋਕੇ ਸਮੇਂ ਵਿਚ ਅਹਿਮੀਅਤ ਹੈ ਤੇ ਇਹ ਜ਼ੁਬਾਨਾਂ ਵੀ ਪੜ੍ਹਨੀਆਂ ਚਾਹੀਦੀਆਂ ਹਨ ਪਰ ਆਪਣੀ ਜ਼ੁਬਾਨ ਦੀ ਕੀਮਤ 'ਤੇ ਦੂਜੀਆਂ ਜ਼ੁਬਾਨਾਂ ਨੂੰ ਮਹੱਤਵ ਦੇਣਾ ਕਿਸੇ ਵੀ ਤਰ੍ਹਾਂ ਸਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਸਿੱਖਿਆ, ਪ੍ਰਸ਼ਾਸਨ ਅਤੇ ਨਿਆਂ ਦੇ ਖੇਤਰਾਂ ਵਿਚ ਪੰਜਾਬੀ ਆਪਣੀ ਮਾਂ ਬੋਲੀ ਨੂੰ ਯੋਗ ਸਥਾਨ ਦਵਾਉਣ ਲਈ ਇਕ ਪ੍ਰਭਾਵੀ ਲੋਕ ਲਹਿਰ ਖੜੀ ਕਰਨ ਅਤੇ ਇਸ ਵਿਚ ਸਰਕਾਰੀ ਤੇ ਗੈਰ ਸਰਕਾਰੀ ਵਿੱਦਿਅਕ ਅਦਾਰਿਆਂ ਨੂੰ ਵੀ ਅਹਿਮ ਭੂਮਿਕਾ ਨਿਭਾਉਣੀ ਚਾਹੀਦੀ ਹੈ।

ਪੰਜਾਬ ਜਾਗ੍ਰਤੀ ਮੰਚ ਦੇ ਉਕਤ ਅਹੁਦੇਦਾਰਾਂ ਨੇ ਮੁੱਖ ਮੰਤਰੀ ਵਲੋਂ ਪ੍ਰਗਟ ਕੀਤੇ ਗਏ ਵਿਚਾਰਾਂ ਅਤੇ ਉਨ੍ਹਾਂ ਦੀ ਭਾਵਨਾ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਸਮੁੱਚੇ ਤੌਰ 'ਤੇ ਰਾਜ ਵਿਚ ਵੱਖ-ਵੱਖ ਖੇਤਰਾਂ ਵਿਚ ਪੰਜਾਬੀ ਮਾਂ-ਬੋਲੀ ਨੂੰ ਯੋਗ ਸਥਾਨ ਦੁਆਉਣ ਲਈ ਸਰਕਾਰ ਨੂੰ ਪੰਜਾਬੀ ਲੇਖਕਾਂ ਅਤੇ ਬੁੱਧੀਜੀਵੀਆਂ ਨਾਲ ਵਿਚਾਰ ਵਟਾਂਦਰਾ ਕਰਕੇ ਆਪਣਾ ਇਕ ਏਜੰਡਾ ਤਿਆਰ ਕਰਨਾ ਚਾਹੀਦਾ ਹੈ ਅਤੇ ਇਸ ਏਜੰਡੇ ਦੇ ਆਧਾਰ 'ਤੇ ਆਪਣੀ ਭਾਸ਼ਾ ਅਤੇ ਸਭਿਆਚਾਰ ਨੀਤੀ ਬਨਾਉਣੀ ਚਾਹੀਦੀ ਹੈ ਅਤੇ ਇਸ ਨੀਤੀ ਨੂੰ ਅਮਲ ਵਿਚ ਲਿਆਉਣ ਲਈ ਰਾਜ ਭਾਸ਼ਾ ਤੇ ਸੱਭਿਆਚਾਰ ਕਮਿਸ਼ਨ ਦੀ ਸਥਾਪਨਾ ਕਰਨੀ ਚਾਹੀਦੀ ਹੈ ਅਤੇ ਅਜਿਹੇ ਕਮਿਸ਼ਨ ਨੂੰ ਲੋੜੀਂਦੇ ਅਧਿਕਾਰ ਵੀ ਦਿੱਤੇ ਜਾਣੇ ਚਾਹੀਦੇ ਹਨ। ਅਜਿਹੇ ਠੋਸ ਅਤੇ ਪ੍ਰਤੀਬੱਧਤਾ ਵਾਲੇ ਯਤਨਾਂ ਨਾਲ ਹੀ ਰਾਜ ਵਿਚ ਪੰਜਾਬੀ ਨੂੰ ਯੋਗ ਸਥਾਨ ਦਵਾਇਆ ਜਾ ਸਕੇਗਾ। ਉਕਤ ਅਹੁਦੇਦਾਰਾਂ ਨੇ ਆਸ ਪ੍ਰਗਟ ਕੀਤੀ ਕਿ ਆਉਣ ਵਾਲੇ ਸਮੇਂ ਵਿਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗੁਵਾਈ ਵਿਚ ਸਰਕਾਰ ਇਸ ਦਿਸ਼ਾ ਵਿਚ ਪ੍ਰਭਾਵੀ ਕਦਮ ਚੁੱਕਣਗੇ।

ਮੋਟਰਸਾਈਕਲ ਸਵਾਰਾਂ ਵੱਲੋਂ ਸਾਈਡ ਮਾਰ ਕੇ ਸੁੱਟਣ ਨਾਲ ਸਰਪੰਚ ਦਾ ਚੂਲਾ ਟੁੱਟਾ

ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)

ਪੱਟੀ ਤੋਂ ਹਰੀਕੇ ਪਰਿੰਗੜੀ ਰੋਡ 'ਤੇ ਮੋਟਰਸਾਈਕਲ ਸਵਾਰਾਂ ਵੱਲੋਂ ਸਾਬਕਾ ਸਰਪੰਚ ਦੇ ਮੋਟਰਸਾਈਕਲ ਨੂੰ ਸਾਈਡ ਮਾਰ ਦਿੱਤੀ ਗਈ। ਪਿੰਡ ਪਰਿੰਗੜੀ ਦੇ ਸਾਬਕਾ ਸਰਪੰਚ ਰਛਪਾਲ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਉਹ ਸ਼ਾਮ ਨੂੰ ਕਰੀਬ 5-6 ਵਜੇ ਪੱਟੀ ਤੋਂ ਆਪਣੇ ਪਿੰਡ ਨੂੰ ਆ ਰਿਹਾ ਸੀ ਤਾਂ ਜਦੋਂ ਉਹ ਲੰਡੇ ਸੂਏ ਦੇ ਨੇੜੇ ਪੁੱਜਾ ਤਾਂ ਪਿਛੋਂ ਬੋਲਟ ਮੋਟਰਸਾਈਕਲ 'ਤੇ ਆ ਰਹੇ ਅਣਪਛਾਤੇ ਦੋ ਨੌਜਵਾਨਾਂ ਨੇ ਉਸਦੇ ਮੋਟਰਸਾਈਕਲ ਨੂੰ ਸਾਈਡ ਮਾਰ ਦਿੱਤੀ ਜਿਸ ਦੌਰਾਨ ਉਹ ਡਿੱਗ ਗਿਆ ਅਤੇ ਉਸਦਾ ਚੂਲਾ ਟੁੱਟ ਗਿਆ। ਰਛਪਾਲ ਸਿੰਘ ਨੇ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਹਲਕੇ ਅੰਦਰ ਗੁੰਡਾ ਅਨਸਰਾਂ ਨੂੰ ਨੱਥ ਪਾਈ ਜਾਵੇ। ਜ਼ਿਕਰਯੋਗ ਹੈ ਕਿ ਪੱਟੀ ਅੰਦਰ ਇਹ ਕੋਈ ਪਹਿਲਾ ਮਾਮਲਾ ਨਹੀਂ, ਹਰ ਰੋਜ਼ ਔਰਤਾਂ 'ਤੇ ਨੌਜਵਾਨਾਂ ਨੂੰ ਹਥਿਆਰਾਂ ਦੀ ਨੋਕ 'ਤੇ ਲੁੱਟਿਆ ਜਾ

ਰਿਹਾ. ਕਾਨੂੰਨ ਵਿਵਸਥਾ ਬੁਰੀ ਤਰ੍ਹਾਂ ਨਾਲ ਡਗਮਗਾ ਗਈ ਹੈ। ਹਲਕੇ 'ਚ ਨਸ਼ਾ ਪਹਿਲਾਂ ਪੁੜੀਆਂ ਵਿਚ ਵਿਕਦਾ ਸੀ ਅੱਜ ਦੇ ਦੌਰ ਵਿਚ ਸੰਥੈਟਿਕ ਡਰੱਗ ਨੂੰ ਸਰਿੰਜਾਂ ਭਰ ਕੇ ਵੇਚਿਆ ਜਾ ਰਿਹਾ। ਪੁਲਸ ਤੇ ਨਸ਼ਾ ਤਸਕਰਾਂ ਦੀ ਭਾਈਵਾਲੀ ਹੈ। ਪੁਲਸ ਵੱਲੋਂ ਨਸ਼ਾ ਪੀਣ ਵਾਲੇ ਨਸ਼ੇੜੀਆਂ ਤੇ ਪਰਚੇ ਦਰਜ ਕਰਕੇ ਆਪਣੀ ਪਿੱਠ ਆਪੇ ਥਾਪੜੀ ਜਾ ਰਹੀ ਹੈ। ਸੱਚਾਈ ਤਾਂ ਇਹ ਹੈ ਕਿ ਸਰਕਾਰ ਤੇ ਪੁਲਸ ਨਸ਼ੇ ਦੀ ਸਪਲਾਈ ਤੋੜਨ ਦੇ ਦਾਅਵੇ ਕਰਦੇ ਨੇ ਪਰ ਨਸ਼ੇ ਦੀ ਸਪਲਾਈ ਘਟਣ ਦੀ ਬਜਾਏ ਨਸ਼ਾ ਵਧਿਆ ਹੈ। ਹਲਕੇ ਅੰਦਰ ਵੱਡੀ ਗਿਣਤੀ ਵਿਚ ਨਜਾਇਜ਼ ਅਸਲੇ ਨਾਲ ਲੋਕਾਂ ਨੂੰ ਲੁੱਟਣ ਦੀਆਂ ਵਾਰਦਾਤਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ। ਪਹਿਲਾਂ ਰਾਤ ਬਰਾਤੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਸਹੀ ਪਰ ਅੱਜ ਹਾਲਾਤ ਇਸ ਕਦਰ ਬੁਰੇ ਹੋ ਚੁੱਕੇ ਹਨ ਕਿ ਲੁਟੇਰਿਆਂ ਵੱਲੋਂ ਲੋਕਾਂ ਨੂੰ ਚਿੱਟੇ ਦਿਨ ਆਪਣੀ ਲੁੱਟ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ।

ਮੁਲਾਜ਼ਮਾਂ/ਪੈਨਸ਼ਨਰਾਂ ਦੀਆਂ ਮੰਨੀਆਂ ਮੰਗਾਂ ਨੂੰ ਅਮਲੀ ਜਾਮਾ ਪਹਿਨਾਵੇ ਪੰਜਾਬ ਸਰਕਾਰ : ਹਜਾਰਾ ਸਿੰਘ ਗਿੱਲ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)

ਪੰਜਾਬ ਰਾਜ ਪਾਵਰਕਾਮ ਅਤੇ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਦੇ ਮੰਡਲ ਯੂਨਿਟ ਧਾਰੀਵਾਲ ਦੀ ਮੀਟਿੰਗ ਇਥੇ 132 ਕੇ. ਵੀ. ਸਬ-ਸਟੇਸ਼ਨ ਵਿਖੇ ਮੰਡਲ ਪ੍ਰਧਾਨ ਹਰਕ੍ਰਿਪਾਲ ਸਿੰਘ ਸੋਹਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਜਥੇਬੰਦੀ ਦੇ ਸਰਕਲ ਪ੍ਰਧਾਨ ਹਜਾਰਾ ਸਿੰਘ ਗਿੱਲ ਨੇ ਵਿਸ਼ੇਸ਼ ਤੌਰ ਤੇ ਸਿਰਕਤ ਕੀਤੀ। ਮੀਟਿੰਗ ਦੌਰਾਨ ਸਰਕਲ ਪ੍ਰਧਾਨ ਹਜਾਰਾ ਸਿੰਘ ਗਿੱਲ, ਸਕੱਤਰ ਮਹਿੰਦਰ ਸਿੰਘ ਆਦਿ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੂੰ ਮੁਲਾਜ਼ਮਾਂ/ਪੈਨਸ਼ਨਰਾਂ ਨੇ ਜਿਸ ਭਰੋਸੇ ਨਾਲ ਸੱਤਾ ਵਿੱਚ ਲਿਆਉਣ ਲਈ ਪੁਰਜ਼ੋਰ ਮਿਹਨਤ ਕੀਤੀ ਸੀ ਪਰ ਪੰਜਾਬ ਸਰਕਾਰ ਵੀ ਆਪਣੇ ਉਸ ਭਰੋਸੇ 'ਤੇ ਖਰੀ ਨਹੀਂ ਉਤਰ ਰਹੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮੰਨੀਆਂ ਮੰਗਾਂ ਨੂੰ ਅਮਲੀ ਜਾਮਾ ਨਹੀਂ ਪਹਿਨਾਉਣ ਦੀ ਬਜਾਏ ਹਰ ਮੀਟਿੰਗ ਵਿੱਚ ਸਿਵਾਏ ਭਰੋਸੇ ਤੋਂ ਕੁੱਝ ਨਹੀਂ ਦੇ ਰਹੀ, ਜਿਸ ਤੋਂ ਦੁੱਖੀ ਮੁਲਾਜ਼ਮ ਅਤੇ ਪੈਨਸ਼ਨਰ ਸੰਘਰਸ਼ ਕਰਨ ਲਈ ਮਜਬੂਰ ਹਨ। ਉਨ੍ਹਾਂ ਨੇ ਆਪਣੀਆਂ ਮੁੱਖ ਮੰਗਾਂ ਜਿਵੇਂ ਕਿ ਪੁਰਾਣੀ ਪੈਨਸ਼ਨ ਸਕੀਮ ਦਾ ਨੋਟੀਫਿਕੇਸ਼ਨ ਜਾਰੀ ਕਰਨਾ, ਪੇ ਅਤੇ ਪੈਨਸ਼ਨ ਰਵੀਜ਼ਨ ਦਾ 1-1-2016 ਤੋਂ 66 ਮਹੀਨਿਆਂ ਦਾ ਬਕਾਇਆ ਜਾਰੀ ਕਰਨਾ, ਡੀ. ਏ. 28 ਪ੍ਰਤੀਸ਼ਤ ਤੋਂ 34 ਪ੍ਰਤੀਸ਼ਤ ਦਾ 1-7-21 ਤੋਂ ਬਕਾਇਆ ਇਕਮੁਸ਼ਤ ਜਾਰੀ ਕਰਨਾ, ਡੀ. ਏ. ਦੀ ਡਿਊ ਕਿਸ਼ਤ 34 ਪ੍ਰਤੀਸ਼ਤ ਤੋਂ 38 ਪ੍ਰਤੀਸ਼ਤ ਜਾਰੀ ਕਰਨਾ, 1-1-2016 ਤੋਂ ਪਹਿਲਾਂ ਪੈਨਸ਼ਨ 2.59 ਗੁਣਾਂਕ ਨਾਲ ਸੋਧਣਾ, 1-1-2016 ਤੋਂ ਲੀਵ ਇਨ ਕੈਸ਼ਮੈਂਟ ਦਾ ਫ਼ਰਕ ਜਾਰੀ ਕਰਨਾ ਆਦਿ ਕਈਂ ਮੰਗਾਂ ਸ਼ਾਮਿਲ ਹਨ। ਮੀਟਿੰਗ ਵਿੱਚ ਸਰਕਲ ਪ੍ਰਧਾਨ ਹਜਾਰਾ ਸਿੰਘ, ਮੰਡਲ ਪ੍ਰਧਾਨ ਹਰਕ੍ਰਿਪਾਲ ਸਿੰਘ ਸੋਹਲ ਤੋਂ ਇਲਾਵਾ ਸਕੱਤਰ ਮਹਿੰਦਰ ਸਿੰਘ, ਕੁਲਵੰਤ ਸਿੰਘ, ਮਨਜਿੰਦਰ ਸਿੰਘ, ਤਰਸੇਮ ਸਿੰਘ ਅਠਵਾਲ, ਕਸ਼ਮੀਰ ਸਿੰਘ, ਜਸਬੀਰ ਸਿੰਘ, ਸਰੂਪ ਸਿੰਘ, ਬਲਵਿੰਦਰ ਸਿੰਘ ਚੌਧਰਪੁਰ, ਹਰਜਿੰਦਰ ਸਿੰਘ, ਵਰਿੰਦਰ ਸਿੰਘ, ਬਲਜੀਤ ਸਿੰਘ, ਸਵਰਨ ਸਿੰਘ, ਵਰਿੰਦਰ ਕੁਮਾਰ, ਰਤਨ ਚੰਦ, ਸੱਤਪਾਲ ਸਿੰਘ ਆਦਿ ਤੋਂ ਇਲਾਵਾ ਵੀ ਪੈਨਸ਼ਨਰ ਆਗੂ ਸ਼ਾਮਲ ਸਨ।

ਹਰ ਵਰਗ ਦੀਆਂ ਉਮੀਦਾਂ 'ਤੇ ਖਰਾ ਉਤਰ ਰਹੀ ਹੈ 'ਆਪ' ਸਰਕਾਰ : ਨਵਪ੍ਰੀਤ, ਇੰਦਰਜੀਤ

ਕਲਾਨੌਰ, (ਕੋਹਲੀ)

ਪੰਜਾਬ ਵਿੱਚ ਪਹਿਲਾਂ ਰਹੀਆਂ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਭਾਵੇਂ ਉਹ ਕਾਂਗਰਸ ਪਾਰਟੀ ਦੀ ਸਰਕਾਰ ਹੋਵੇ ਜਾਂ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੀ ਰਹੀ ਹੋਵੇ, ਉਨ੍ਹਾਂ ਨੇ ਪੰਜਾਬ ਦੇ ਹਰ ਵਰਗ ਦਾ ਭਲਾ ਤਾਂ ਕੀ ਕਰਨਾ ਸੀ ਸਗੋਂ ਆਪਣੇ ਹਿਸਾਬ ਨਾਲ ਰੱਜ ਕੇ ਲੁੱਟਿਆ ਅਤੇ ਕੁੱਟਿਆ ਸੀ ਜਿਸ ਤੋਂ ਤੰਗ ਆ ਕੇ ਹਰ ਵਰਗ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਰਿਕਾਰਡ ਤੋੜ ਬਹੁਮਤ ਨਾਲ ਪੰਜਾਬ ਵਿੱਚ ਲਿਆਂਦੀ ਅਤੇ ਜਿਸ 'ਤੇ ਉਹ ਮਾਂਣ ਵੀ ਮਹਿਸੂਸ ਕਰ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਨਵਾਂ ਜ਼ਮਾਨਾ ਨਾਲ ਗੱਲਬਾਤ ਕਰਦਿਆਂ ਆਮ ਆਦਮੀ ਪਾਰਟੀ ਦੇ ਕਲਾਨੌਰ ਤੋਂ ਬਲਾਕ ਪ੍ਰਧਾਨ ਨਵਪ੍ਰੀਤ ਸਿੰਘ

21-Nov-PAGE-4.qxd 11/20/2022 10:01 PM Page 1

ਨਵਾਂ ਜ਼ਮਾਨਾ
ਸੋਮਵਾਰ, 21 ਨਵੰਬਰ 2022

ਬੁਲਡੋਜ਼ਰ ਨਾਲ ਟਕਰਾਇਆ ਨਿਆਂ ਦਾ ਟੈਂਕ

ਬੁਲਡੋਜ਼ਰ ਦੀ ਦਹਿਸ਼ਤ ਪਾ ਕੇ ਵਿਧਾਨ ਸਭਾ ਦੀਆਂ ਚੋਣਾਂ ਜਿੱਤ ਲੈਣ ਤੋਂ ਬਾਅਦ ਉੱਤਰ ਪ੍ਰਦੇਸ਼ ਦੀ ਯੋਗੀ ਸਰਕਾਰ ਨੂੰ ਲੋਕਾਂ ਨੇ ਬੁਲਡੋਜ਼ਰ ਸਰਕਾਰ ਕਹਿਣਾ ਸ਼ੁਰੂ ਕਰ ਦਿੱਤਾ ਸੀ। ਇਸ ਕਾਮਯਾਬੀ ਤੋਂ ਬਾਅਦ ਭਾਜਪਾ ਦੀਆਂ ਅਗਵਾਈ ਵਾਲੀਆਂ ਰਾਜ ਸਰਕਾਰਾਂ ਨੇ ਵੀ ਬੁਲਡੋਜ਼ਰ ਨੀਤੀ ਅਪਣਾ ਲਈ ਸੀ। ਮੱਧ ਪ੍ਰਦੇਸ਼ ਤੇ ਅਸਾਮ ਦੀਆਂ ਭਾਜਪਾ ਸਰਕਾਰਾਂ ਨੇ ਤਾਂ ਹਰ ਆਏ ਦਿਨ ਬੁਲਡੋਜ਼ਰ ਚਲਾਉਣ ਦਾ ਹੀ ਚੱਕਰ ਚਲਾ ਦਿੱਤਾ ਹੋਇਆ ਹੈ। ਆਮ ਤੌਰ 'ਤੇ ਭਾਜਪਾ ਦਾ ਬੁਲਡੋਜ਼ਰ ਮੁਸਲਮਾਨਾਂ ਤੇ ਦਲਿਤਾਂ ਦੇ ਘਰਾਂ, ਦੁਕਾਨਾਂ ਤੇ ਸੰਸਥਾਨਾਂ ਨੂੰ ਨਿਸ਼ਾਨਾ ਬਣਾਉਂਦਾ ਰਿਹਾ ਹੈ।

ਹੁਣ ਗੁਹਾਟੀ ਹਾਈਕੋਰਟ ਨੇ ਇਸ ਮਸਲੇ ਉੱਤੇ ਅਸਾਮ ਪ੍ਰਸ਼ਾਸਨ ਦੀ ਸਖ਼ਤ ਖਿਚਾਈ ਕਰਦਿਆਂ ਕਿਹਾ ਹੈ ਕਿ ਕੋਈ ਫੌਜਦਾਰੀ ਕਾਨੂੰਨ ਜਾਂਚ ਦੇ ਨਾਂਅ 'ਤੇ ਕਿਸੇ ਦੇ ਘਰ ਨੂੰ ਮਲੀਆਮੇਟ ਕਰਨ ਦੀ ਇਜਾਜ਼ਤ ਨਹੀਂ ਦਿੰਦਾ। ਅਸਾਮ ਦੇ ਚੀਫ਼ ਜਸਟਿਸ ਆਰ ਐਮ ਛਾਇਆ ਨੇ ਅਸਾਮ ਦੇ ਨੌਗਾਂਵ ਜ਼ਿਲ੍ਹੇ ਵਿੱਚ ਅੱਗ ਲਾਏ ਜਾਣ ਦੀ ਘਟਨਾ ਤੋਂ ਬਾਅਦ ਮੁਲਜ਼ਮ ਦੇ ਘਰ ਨੂੰ ਬੁਲਡੋਜ਼ਰ ਨਾਲ ਢਾਹ ਦਿੱਤੇ ਜਾਣ ਦੀ ਘਟਨਾ ਬਾਰੇ ਇਹ ਟਿੱਪਣੀ ਕੀਤੀ ਹੈ। ਇਸ ਮਾਮਲੇ ਵਿੱਚ ਖ਼ਬਰਾਂ ਸਾਹਮਣੇ ਆਉਣ ਤੋਂ ਬਾਅਦ ਉਨ੍ਹਾ ਖੁਦ ਮਾਮਲੇ ਦੀ ਸੁਣਵਾਈ ਸ਼ੁਰੂ ਕੀਤੀ ਸੀ।

ਵਰਨਣਯੋਗ ਹੈ ਕਿ ਮੱਛੀ ਵਪਾਰੀ 39 ਸਾਲਾ ਸਫ਼ੀਕੁਲ ਇਸਲਾਮ ਦੀ ਪੁਲਸ ਹਿਰਾਸਤ ਵਿੱਚ ਮੌਤ ਹੋ ਗਈ ਸੀ। ਇਸ ਘਟਨਾ ਤੋਂ ਗੁੱਸੇ ਵਿੱਚ ਆਈ ਭੀੜ ਨੇ ਬਟਾਚਰਵਾ ਪੁਲਸ ਥਾਣੇ ਨੂੰ ਅੱਗ ਲਾ ਦਿੱਤੀ ਸੀ। ਇਸ ਘਟਨਾ ਤੋਂ ਬਾਅਦ ਜ਼ਿਲ੍ਹਾ ਪੁਲਸ ਪ੍ਰਸ਼ਾਸਨ ਨੇ ਸਫੀਕੁਲ ਇਸਲਾਮ ਸਮੇਤ ਉਨ੍ਹਾਂ ਵਿਅਕਤੀਆਂ ਦੇ ਘਰਾਂ ਵਿੱਚੋਂ ਹਥਿਆਰਾਂ ਦੀ ਬਰਾਮਦਗੀ ਲਈ ਤਲਾਸ਼ੀ ਦੇ ਨਾਂਅ 'ਤੇ ਬੁਲਡੋਜ਼ਰ ਚਲਾ ਦਿੱਤਾ ਸੀ।

ਅਦਾਲਤ ਨੇ ਜ਼ੋਰ ਦੇ ਕੇ ਕਿਹਾ ਕਿ ਘਰ ਦੀ ਤਲਾਸ਼ੀ ਲੈਣ ਲਈ ਵੀ ਇਜਾਜ਼ਤ ਦੀ ਜ਼ਰੂਰਤ ਹੁੰਦੀ ਹੈ। ਚੀਫ਼ ਜਸਟਿਸ ਨੇ ਪ੍ਰਸ਼ਾਸਨ ਨੂੰ ਪੁੱਛਿਆ ਕਿ ਕੱਲ੍ਹ ਨੂੰ ਅਗਰ ਤੁਹਾਨੂੰ ਮੇਰੇ ਅਦਾਲਤੀ ਕਮਰੇ ਵਿੱਚ ਕਿਸੇ ਚੀਜ਼ ਲਈ ਤਲਾਸ਼ੀ ਲੈਣ ਦੀ ਲੋੜ ਪਵੇ ਤਾਂ ਫਿਰ ਤੁਸੀਂ ਅਦਾਲਤ ਨੂੰ ਹੀ ਢਹਿਢੇਰੀ ਕਰ ਦਿਓਗੇ। ਉਨ੍ਹਾ ਕਿਹਾ ਕਿ ਜੇਕਰ ਜਾਂਚ ਦੇ ਨਾਂਅ 'ਤੇ ਕਿਸੇ ਦੇ ਘਰ ਨੂੰ ਡੇਗਣ ਦੀ ਇਜਾਜ਼ਤ ਦਿੱਤੀ ਗਈ ਤਾਂ ਕੋਈ ਵੀ ਸੁਰੱਖਿਅਤ ਨਹੀਂ ਬਚੇਗਾ। ਉਨ੍ਹਾ ਕਿਹਾ ਕਿ ਅਸੀਂ ਇੱਕ ਲੋਕਤੰਤਰੀ ਪ੍ਰਬੰਧ ਵਿੱਚ ਰਹਿੰਦੇ ਹਾਂ।

ਸਰਕਾਰੀ ਹਲਫ਼ਨਾਮੇ ਵਿੱਚ ਕਿਹਾ ਗਿਆ ਸੀ ਕਿ ਘਰ ਨੂੰ ਡੇਗੇ ਜਾਣ ਤੋਂ ਬਾਅਦ ਉਥੋਂ 0.9 ਐੱਮ ਐੱਮ ਦੀ ਪਿਸਤੌਲ ਬਰਾਮਦ ਹੋਈ ਸੀ। ਇਸ ਉੱਤੇ ਟਿੱਪਣੀ ਕਰਦਿਆਂ ਚੀਫ਼ ਜਸਟਿਸ ਨੇ ਕਿਹਾ ਕਿ ਇਹ ਪਲਾਂਟ ਵੀ ਕੀਤੀ ਹੋ ਸਕਦੀ ਹੈ। ਉਨ੍ਹਾ ਕਿਹਾ ਕਿ ਇਸ ਤਰ੍ਹਾਂ ਘਰਾਂ ਉੱਤੇ ਬੁਲਡੋਜ਼ਰ ਚਲਾਉਣ ਦੀਆਂ ਘਟਨਾਵਾਂ ਫਿਲਮਾਂ ਵਿੱਚ ਹੁੰਦੀਆਂ ਹਨ, ਪਰ ਉੱਥੇ ਵੀ ਸਰਚ ਵਰੰਟ ਦਿਖਾਇਆ ਜਾਂਦਾ ਹੈ। ਸਰਕਾਰੀ ਵਕੀਲ ਵੱਲੋਂ ਇਹ ਕਹਿਣ ਤੋਂ ਬਾਅਦ ਕਿ ਤਲਾਸ਼ੀ ਦੀ ਇਜਾਜ਼ਤ ਲਈ ਗਈ ਸੀ, ਚੀਫ਼ ਜਸਟਿਸ ਨੇ ਕਿਹਾ ਕਿ ਇੱਥੇ ਬਾਰ ਵਿੱਚ ਮੇਰੇ ਸੀਮਤ ਕੈਰੀਅਰ ਦੌਰਾਨ ਮੈਂ ਕਿਸੇ ਪੁਲਸ ਅਧਿਕਾਰੀ ਵੱਲੋਂ ਸਰਚ ਵਰੰਟ ਵਿੱਚ ਬੁਲਡੋਜ਼ਰ ਦੀ ਵਰਤੋਂ ਕਰਦਿਆਂ ਨਹੀਂ ਦੇਖਿਆ। ਉਨ੍ਹਾ ਕਿਹਾ ਕਿ ਇਹ ਇੱਕ ਹਿੰਦੀ ਫ਼ਿਲਮ ਵਾਂਗ ਲੱਗ ਰਿਹਾ ਹੈ, ਜਿਸ ਵਿੱਚ ਦੋ ਗੈਂਗਸਟਰ ਇੱਕ-ਦੂਜੇ ਵਿਰੁੱਧ ਲੜ ਰਹੇ ਸੀ। ਜੇ ਮਜ਼ਾਕ ਵਿੱਚ ਆਖਾਂ ਤਾਂ ਅਜਿਹਾ ਮੈਂ ਸ਼ੈਟੀ ਦੀ ਕਿਸੇ ਫਿਲਮ ਵਿੱਚ ਨਹੀਂ ਦੇਖਿਆ। ਆਪਣੇ ਐੱਸ ਪੀ ਦੀ ਇਹ ਕਹਾਣੀ ਉਨ੍ਹਾ ਨੂੰ ਭੇਜ ਦਿਓ। ਰੋਹਿਤ ਸ਼ੈਟੀ ਇਸ ਉੱਤੇ ਫਿਲਮ ਬਣਾ ਸਕਦੇ ਹਨ। ਇਹ ਹੈ ਕੀ? ਗੈਂਗਵਾਰ ਹੈ ਜਾਂ ਪੁਲਸ ਦਾ ਆਪ੍ਰੇਸ਼ਨ? ਗੈਂਗਵਾਰ ਵਿੱਚ ਹੀ ਅਜਿਹਾ ਹੁੰਦਾ ਹੈ ਕਿ ਇੱਕ ਗਰੋਹ ਦੂਜੇ ਦਾ ਘਰ ਬੁਲਡੋਜ਼ਰ ਨਾਲ ਡੇਗ ਦਿੰਦਾ ਹੈ। ਉਨ੍ਹਾ ਕਿਹਾ ਕਿ ਇੱਕ ਉਦੇਸ਼ ਨੂੰ ਲੈ ਕੇ 'ਕਾਨੂੰਨ ਤੇ ਵਿਵਸਥਾ' ਸ਼ਬਦਾਂ ਦਾ ਇਕੱਠਿਆਂ ਇਸਤੇਮਾਲ ਕੀਤਾ ਜਾਂਦਾ ਹੈ। 'ਕਾਨੂੰਨ ਤੇ ਵਿਵਸਥਾ' ਕਾਇਮ ਰੱਖਣ ਦਾ ਇਹ ਸਹੀ ਤਰੀਕਾ ਨਹੀਂ ਹੈ। ਉਨ੍ਹਾ ਸਰਕਾਰੀ ਵਕੀਲ ਨੂੰ ਕਿਹਾ ਕਿ ਕ੍ਰਿਪਾ ਕਰਕੇ ਆਪਣੇ ਗ੍ਰਹਿ ਵਿਭਾਗ ਦੇ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਓ। ਆਪ ਕਿਸੇ ਵਿਅਕਤੀ ਵਿਰੁੱਧ ਕੀਤੇ ਅਪਰਾਧ ਲਈ ਮੁਕੱਦਮਾ ਚਲਾ ਸਕਦੇ ਹੋ, ਪ੍ਰੰਤੂ ਇੱਕ ਐੱਸ ਪੀ ਨੂੰ ਬੁਲਡੋਜ਼ਰ ਚਲਾਉਣ ਦੀ ਇਜਾਜ਼ਤ ਕਿਸ ਨੇ ਦਿੱਤੀ? ਮੁਕੱਦਮੇ ਦੀ ਅਗਲੀ ਸੁਣਵਾਈ 15 ਦਸੰਬਰ ਨੂੰ ਹੋਵੇਗੀ।

ਪੰਜਾਬ ਦੇ ਕਿਸਾਨ ਆਗੂਆਂ ਦੀ ਸੋਚ ਤੇ ਸੇਧ ਵਿਚਲਾ ਫਾਸਲਾ

ਕਰਮ ਬਰਸਟ

ਭਾਰਤ ਵਿਸ਼ੇਸ਼ ਕਰਕੇ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਦੇ ਕਿਸਾਨਾਂ ਨੇ ਦਿੱਲੀ ਦੀਆਂ ਹੱਦਾਂ ਉੱਪਰ ਲੱਗਭੱਗ ਚੌਦਾਂ ਮਹੀਨੇ ਇੱਕ ਬੇਮਿਸਾਲ ਸੰਘਰਸ਼ ਲੜਿਆ ਸੀ। ਪਰ ਇਹ ਵਿਸ਼ਾਲ ਏਕਤਾ ਬਹੁਤੀ ਦੇਰ ਕਾਇਮ ਨਹੀਂ ਰਹਿ ਸਕੀ। ਜਿੱਥੇ ਇਸ ਇਤਿਹਾਸਕ ਅੰਦੋਲਨ ਦੇ ਬੇਸ਼ੁਮਾਰ ਹਾਸਲ ਹਨ, ਉੱਥੇ ਨਾਂਹ-ਪੱਖੀ ਵਰਤਾਰੇ ਵੀ ਸਾਹਮਣੇ ਆਏ ਅਤੇ ਆ ਰਹੇ ਹਨ। ਸੰਯੁਕਤ ਕਿਸਾਨ ਮੋਰਚੇ ਵਿੱਚ ਫੁੱਟ ਪੈਣ ਤੋਂ ਇਲਾਵਾ ਪੰਜਾਬ ਦੀਆਂ ਕਈ ਜਥੇਬੰਦੀਆਂ ਵੀ ਧੜੇਬੰਦੀ ਦਾ ਸ਼ਿਕਾਰ ਹੋਈਆਂ ਹਨ। ਸਿਆਸੀ ਪੱਧਰ 'ਤੇ ਕਥਿਤ ਤੌਰ 'ਤੇ ਕੱਚ-ਘਰੜ ਲੀਡਰਸ਼ਿਪ ਨਿੱਜੀ ਹਿੱਤਾਂ ਲਈ ਫੰਡਾਂ ਦੀ ਬਦਇੰਤਜ਼ਾਮੀ, ਹੇਰਾ-ਫੇਰੀ, ਅਫਸਰਸ਼ਾਹੀ ਨਾਲ ਸਮਝੌਤੇ ਕਰਨ ਅਤੇ ਯਾਰੀਆਂ ਗੰਢਣ, ਹੋਰਨਾਂ 'ਤੇ ਚੌਧਰਬਾਜ਼ੀ ਕਰਨ ਅਤੇ ਹੰਕਾਰੀ ਰੁਚੀਆਂ ਦਾ ਸ਼ਿਕਾਰ ਬਣੀ ਹੈ। ਇਨ੍ਹਾਂ ਕਮਜ਼ੋਰੀਆਂ ਦੇ ਬਾਵਜੂਦ ਕਿਸਾਨ ਲਹਿਰ ਨੂੰ ਇਕਮੁੱਠ ਰੱਖਣ ਦੀਆਂ ਕੋਸ਼ਿਸ਼ਾਂ ਵੀ ਹੋ ਰਹੀਆਂ ਹਨ। ਪਰ ਅਗਲੇ ਸੰਘਰਸ਼ਾਂ ਦੀ ਰੂਪ-ਰੇਖਾ ਨੂੰ ਲੈ ਕੇ ਕੋਈ ਵਿਆਪਕ ਸਹਿਮਤੀ ਨਜ਼ਰ ਨਹੀਂ ਆ ਰਹੀ।

ਮੌਜੂਦਾ ਕਿਸਾਨ ਅੰਦੋਲਨ ਜਿਸ ਮੱਠੀ ਰਫ਼ਤਾਰ ਨਾਲ ਚੱਲ ਰਿਹਾ ਹੈ, ਇਸ ਦੇ ਨੇੜ-ਭਵਿੱਖ ਅੰਦਰ ਇੱਕ ਵਿਆਪਕ ਲਹਿਰ ਵਿੱਚ ਤਬਦੀਲ ਹੋਣ ਦੀਆਂ ਸੰਭਾਵਨਾਵਾਂ ਕਾਫ਼ੀ ਮੱਧਮ ਹਨ। ਪੰਜਾਬ ਦਾ ਕਿਸਾਨ ਅੰਦੋਲਨ ਜਿਨ੍ਹਾਂ ਮਸਲਿਆਂ ਨੂੰ ਵਾਰ-ਵਾਰ ਉਭਾਰ ਰਿਹਾ ਹੈ, ਉਹ ਖੇਤੀ ਅੰਦਰ ਹੋਏ ਪੂੰਜੀਵਾਦ ਦੇ ਲੰਗੜੇ ਵਿਕਾਸ ਦੇ ਸਿੱਟੇ ਵਜੋਂ ਪੈਦਾ ਹੋਈਆਂ ਸਮੱਸਿਆਵਾਂ ਹਨ। ਪੂੰਜੀਵਾਦੀ ਢੰਗ 'ਤੇ ਖੇਤੀ ਵਿੱਚੋਂ ਦੋ ਸ਼੍ਰੇਣੀਆਂ ਪ੍ਰਤੱਖ ਤੌਰ 'ਤੇ ਸਾਹਮਣੇ ਆਉਂਦੀਆਂ ਹਨ। ਇੱਕ ਪਾਸੇ ਸਰਕਾਰੀ ਸਹੂਲਤਾਂ ਤੇ ਸਬਸਿਡੀਆਂ ਦਾ ਲਾਭ ਉਠਾ ਕੇ ਧਨੀ ਕਿਸਾਨਾਂ ਦੀ ਜਮਾਤ ਵਧਦੀ-ਫੁਲਦੀ ਹੈ ਅਤੇ ਦੂਜੇ ਪਾਸੇ ਪੂੰਜੀਵਾਦੀ ਮੁਕਾਬਲੇ ਕਰਕੇ ਛੋਟੀ ਕਿਸਾਨੀ ਆਪਣੀ ਥੋੜ੍ਹੀ ਜਿਹੀ ਜ਼ਮੀਨ ਨੂੰ ਬਚਾ ਕੇ ਰੱਖਣ ਵਿੱਚ ਅਸਮਰੱਥ ਹੋਣ ਕਰਕੇ ਮਜ਼ਦੂਰ ਸਫ਼ਾਂ ਵਿੱਚ ਧੱਕੀ ਜਾਣ ਲਈ ਸਰਾਪੀ ਜਾਂਦੀ ਹੈ। ਧਨੀ ਅਤੇ ਗਰੀਬ ਕਿਸਾਨੀ ਦੀ ਵਰਗ ਵੰਡ ਸਪੱਸ਼ਟ ਦਿਖਾਈ ਦੇ ਰਹੀ ਹੈ, ਪਰ ਕਿਸਾਨ ਜਥੇਬੰਦੀਆਂ ਦਾ ਵੱਡਾ ਹਿੱਸਾ ਝੂਠੀ ਕਿਸਾਨ ਏਕਤਾ ਦੀ ਆੜ ਹੇਠ ਕੇਵਲ ਧਨਾਢ ਕਿਸਾਨੀ ਦੀਆਂ ਮੰਗਾਂ ਹੀ ਉਭਾਰ ਰਿਹਾ ਹੈ।

ਇਸੇ ਕਰਕੇ ਹਰੇ ਇਨਕਲਾਬ ਦੇ ਖਿੱਤਿਆਂ ਵਿੱਚ ਚੱਲ ਰਿਹਾ ਕਿਸਾਨ ਅੰਦੋਲਨ ਬਹੁਤ ਸਾਰੀਆਂ ਅੰਤਰ-ਵਿਰੋਧਤਾਈਆਂ ਦਾ ਸ਼ਿਕਾਰ ਬਣ ਰਿਹਾ ਹੈ। ਕਿਸਾਨੀ ਦੇ ਨਿੱਤ ਡੂੰਘੇ ਹੁੰਦੇ ਜਾ ਰਹੇ ਸੰਕਟ ਦੀ ਗਹਿਰਾਈ ਮਾਪਣ ਲਈ ਕਿਸਾਨ ਆਗੂਆਂ ਦੀ ਸਮਝ ਪਛੜ ਰਹੀ ਹੈ। ਦੂਜੇ ਸ਼ਬਦਾਂ ਵਿੱਚ ਕਿਸਾਨ ਲੀਡਰਸ਼ਿਪ ਦੀ ਸੋਚ ਅਤੇ ਸੇਧ ਵਿਚਲਾ ਫ਼ਾਸਲਾ ਹੋਰ ਚੌੜਾ ਹੁੰਦਾ ਜਾ ਰਿਹਾ ਹੈ। ਕਿਸਾਨ ਲਹਿਰ ਦੀ ਸੋਚ ਤਾਂ ਛੋਟੀ ਅਤੇ ਗਰੀਬ ਕਿਸਾਨੀ ਨੂੰ ਬਚਾਉਣ ਦੀ ਹੈ, ਪਰ ਉਹ ਚਾਹੁੰਦੀ ਹੋਈ ਵੀ ਅਜਿਹਾ ਕਰਨ ਵਿੱਚ ਕੁਝ ਨਹੀਂ ਕਰ ਰਹੀ। ਪੰਜਾਬ ਅੰਦਰ ਛੇ ਦਹਾਕੇ ਪਹਿਲਾਂ ਅਮਰੀਕੀ ਸਾਮਰਾਜੀ ਸੰਸਥਾਵਾਂ ਦੀ ਦੇਖ-ਰੇਖ ਅਧੀਨ ਸ਼ੁਰੂ ਹੋਈ ਹਰੇ ਇਨਕਲਾਬ ਦੀ ਤਕਨੀਕ ਨੇ ਜਿਸ ਕਿਸਮ ਦਾ ਆਲ-ਜੰਜਾਲ ਉਸਾਰਿਆ ਹੈ, ਉਸ ਦਾ ਮਕਸਦ ਹੀ ਖੇਤੀ ਖੇਤਰ ਅੰਦਰ ਪੈਦਾ ਹੁੰਦੀ ਵਾਧੂ ਪੈਦਾਵਾਰ ਨੂੰ ਵਿਦੇਸ਼ੀ ਅਤੇ ਦੇਸੀ ਵੱਡੀਆਂ ਕੰਪਨੀਆਂ ਦੀ ਝੋਲੀ ਵਿੱਚ ਪਾਉਣਾ ਸੀ। ਨਵੀਂ ਮਸ਼ੀਨਰੀ, ਤਕਨੀਕ, ਰਸਾਇਣਕ ਖਾਦਾਂ ਅਤੇ ਸੁਧਰੇ ਹੋਏ ਬੀਜਾਂ ਦੀ ਵਰਤੋਂ ਲਈ ਵੀ ਕਿਸਾਨਾਂ ਦੀ ਮਾਨਸਿਕਤਾ ਦਾ ਵਿਕਾਸ ਹੋਣਾ ਜ਼ਰੂਰੀ ਸੀ, ਪਰ ਪੰਜਾਬ ਦੀ ਖੇਤੀ ਅੰਦਰ ਪੂੰਜੀਵਾਦ ਨੇ ਜਿਸ ਰਫ਼ਤਾਰ ਨਾਲ ਪ੍ਰਵੇਸ਼ ਕੀਤਾ, ਉਸ ਦੇ ਅਨੁਪਾਤ ਵਿੱਚ ਕਿਸਾਨ ਮਾਨਸਿਕਤਾ ਪਛੜ ਗਈ ਹੈ, ਇਸ ਤੋਂ ਵੀ ਮਾੜੀ ਗੱਲ ਇਹ ਹੋਈ ਹੈ ਕਿ ਕਿਸਾਨ ਲਹਿਰ ਦਾ ਬਾਨਣੂੰ ਬੰਨ੍ਹਣ ਵਾਲੇ ਕਿਸਾਨ ਆਗੂਆਂ ਦੀ ਪ੍ਰਵਿਰਤੀ ਵਿੱਚ ਕੋਈ ਬਹੁਤਾ ਫ਼ਰਕ ਨਹੀਂ ਪਿਆ। ਉਹ ਇੱਕ ਗੱਲ ਅੱਜ ਤੱਕ ਵੀ ਨਹੀਂ ਬੁੱਝ ਸਕੇ ਜਾਂ ਜਾਣ-ਬੁੱਝ ਕੇ ਇਸ ਤੱਥ ਉੱਪਰ ਪਰਦਾ ਪਾਉਂਦੇ ਹਨ ਕਿ ਪੰਜਾਬ ਦੀ ਕਿਸਾਨੀ ਹੁਣ ਇਕਹਿਰੀ ਤੇ ਇਕਸੁਰ ਜਮਾਤ ਨਹੀਂ ਹੈ। ਉਹ ਅੰਦੋਲਨ ਕਰਨ ਵੇਲੇ ਪੰਜ ਸੌ ਏਕੜ ਵਾਲੇ ਪੂੰਜੀਵਾਦੀ ਫਾਰਮਰ ਅਤੇ ਅੱਧੇ ਏਕੜ ਦੀ ਵਾਹੀ ਕਰਨ ਵਾਲੇ ਕਿਸਾਨ ਨੂੰ ਇੱਕੋ ਹੀ ਪੱਧਰ 'ਤੇ ਰੱਖ ਕੇ ਚੱਲ ਰਹੇ ਹਨ।

ਸਮੁੱਚੇ ਤੌਰ 'ਤੇ ਭਾਰਤ ਖੇਤੀ ਪ੍ਰਧਾਨ ਅਤੇ ਪੂਰਬ ਪੂੰਜੀਵਾਦੀ ਰਿਸ਼ਤਿਆਂ ਵਾਲਾ ਦੇਸ਼ ਹੈ। ਇੱਥੇ 70 ਫ਼ੀਸਦੀ ਵਸੋਂ ਖੇਤੀ ਉੱਪਰਨਿਰਭਰ ਹੈ। ਇਹ ਨਿਰਭਰਤਾ ਵੀ ਸਾਵੀਂ ਨਹੀਂ ਹੈ, ਕਿਉਂਕਿ ਖੇਤੀ ਦਾ ਵਿਕਾਸ ਸਾਵਾਂ ਨਹੀਂ ਹੈ। ਪੰਜਾਬ, ਹਰਿਆਣਾ, ਪੱਛਮੀ ਯੂ.ਪੀ. ਸਮੁੱਚੇ ਰੂਪ ਵਿੱਚ ਅਤੇ ਕਰਨਾਟਕ, ਤਾਮਿਲਨਾਡੂ, ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਰਾਜਸਥਾਨ ਆਦਿ ਕੁਝ ਚੋਣਵੇਂ ਇਲਾਕਿਆਂ ਅੰਦਰ ਖੇਤੀ ਹੁਣ ਸਿਰਫ਼ ਕੁਦਰਤ ਦੇ ਰਹਿਮੋ-ਕਰਮ 'ਤੇ ਨਿਰਭਰ ਨਹੀਂ ਰਹੀ, ਇੱਥੇ ਮਨੁੱਖੀ ਦਖਲ ਪ੍ਰਵੇਸ਼ ਕਰ ਚੁੱਕਿਆ ਹੈ। ਇਨ੍ਹਾਂ ਖਿੱਤਿਆਂ ਦੀ ਖੇਤੀ ਮੰਡੀ ਦੀਆਂ ਤਾਕਤਾਂ ਦੇ ਸਹਾਰੇ ਚੱਲ ਰਹੀ ਹੈ। 1990ਵਿਆਂ ਤੋਂ ਸ਼ੁਰੂ ਹੋਈਆਂ ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਦੀ ਭਿਆਨਕ ਮਾਰ, ਇਨ੍ਹਾਂ ਇਲਾਕਿਆਂ ਅੰਦਰ ਪ੍ਰਤੱਖ ਦੇਖੀ ਜਾ ਸਕਦੀ ਹੈ। ਇਹੀ ਕਾਰਨ ਹੈ ਕਿ ਇਨ੍ਹਾਂ ਸੂਬਿਆਂ ਅੰਦਰ ਹੀ ਕਿਸਾਨਾਂ ਨੇ ਸਭ ਤੋਂ ਵੱਧ ਆਤਮ-ਹੱਤਿਆਵਾਂ ਕੀਤੀਆਂ ਹਨ ਅਤੇ ਕਿਸਾਨੀ ਦੇ ਜਨ ਅੰਦੋਲਨ ਵੀ ਘੱਟ-ਵੱਧ ਰੂਪ ਵਿੱਚ ਇਨ੍ਹਾਂ ਇਲਾਕਿਆਂ ਅੰਦਰ ਹੀ ਚੱਲ ਰਹੇ ਹਨ। ਕਿਸਾਨ ਅੰਦੋਲਨਾਂ ਦਾ ਚੱਲਣਾ ਕੋਈ ਆਪ-ਮੁਹਾਰੀ ਘਟਨਾ ਨਹੀਂ ਹੈ। ਇਹ ਖੇਤੀ ਅੰਦਰ ਫੈਲ ਚੁੱਕੇ ਵਿਆਪਕ ਸੰਕਟ ਦਾ ਸਿੱਟਾ ਹੈ।

ਇਸੇ ਤਰ੍ਹਾਂ ਇਹ ਸੰਕਟ ਵੀ ਆਪੇ ਹੀ ਨਹੀਂ ਫੁੱਟਿਆ। ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ ਕਿ ਇਹਦੇ ਲਈ ਮੰਡੀ ਦੀਆਂ ਤਾਕਤਾਂ ਜ਼ਿੰਮੇਵਾਰ ਹਨ, ਪਰ ਮੰਦਭਾਗੀ ਸਥਿਤੀ ਇਹ ਬਣੀ ਹੋਈ ਹੈ ਕਿ ਮੰਡੀ ਦੀਆਂ ਤਾਕਤਾਂ ਆਜ਼ਾਦ ਪੂੰਜੀਪਤੀ ਜਮਾਤਾਂ ਨਾ ਹੋ ਕੇ ਵਿਦੇਸ਼ੀ ਸਾਮਰਾਜੀਏ ਅਤੇ ਉਨ੍ਹਾਂ ਦੇ ਭਾਈਵਾਲ ਭਾਰਤੀ ਵੱਡੇ ਪੂੰਜੀਪਤੀ ਹਨ। ਮੰਡੀ ਉੱਪਰ ਕਾਬਜ਼ ਦੇਸੀ ਸਰਮਾਏਦਾਰ ਹੁੰਦੇ ਤਾਂ ਖੇਤੀ ਵਿੱਚੋਂ ਨਿਕਲੀ ਵਾਧੂ ਪੈਦਾਵਾਰ ਨੇ ਸਨਅਤ ਨੂੰ ਹੁਲਾਰਾ ਦੇਣਾ ਸੀ। ਦੇਸ਼ ਦੀ ਪੂੰਜੀ ਦੇਸ਼ ਅੰਦਰ ਹੀ ਲੱਗਣੀ ਸੀ। ਸਨਅਤੀ ਵਿਕਾਸ ਨਾਲ ਖੇਤੀ ਵਿੱਚੋਂ ਵਿਹਲੀ ਹੋਈ ਵਾਫ਼ਰ ਕਿਰਤੀ ਸ਼੍ਰੇਣੀ ਨੇ ਸਨਅਤ ਵਿੱਚ ਜਜ਼ਬ ਹੋ ਕੇ ਮੋੜਵੇਂ ਰੂਪ ਵਿੱਚ ਖੇਤੀ ਨੂੰ ਵੀ ਵਿਕਸਤ ਕਰਨ ਵਿੱਚ ਯੋਗਦਾਨ ਪਾਉਣਾ ਸੀ। ਕਿਸੇ ਵੀ ਸਮਾਜ ਦਾ ਸਾਵਾਂ ਵਿਕਾਸ ਦੋ-ਰਾਹੀ ਸੜਕ ਵਾਂਗ ਕੰਮ ਕਰਦਾ ਹੈ। ਸਨਅਤ ਖੇਤੀ ਦੇ ਵਾਧੂ ਅਨਾਜ ਨੂੰ ਖਪਤ ਕਰਨ ਦਾ ਵਸੀਲਾ ਬਣਦੀ ਹੈ। ਸਨਅਤ ਵਿੱਚ ਲੱਗੇ ਮਜ਼ਦੂਰਾਂ ਦੀ ਖ਼ਰੀਦ ਸ਼ਕਤੀ ਵਿੱਚ ਵਾਧਾ ਹੋਣ ਨਾਲ ਖੇਤੀ ਜਿਣਸਾਂ ਲਈ ਵਡੇਰੀ ਘਰੇਲੂ ਮੰਡੀ ਦਾ ਵਿਕਾਸ ਹੁੰਦਾ ਹੈ। ਮੋੜਵੇਂ ਰੂਪ ਵਿੱਚ ਖੇਤੀ ਸੈਕਟਰ ਸਨਅਤੀ ਮਾਲ ਦੀ ਮੰਡੀ ਬਣ ਜਾਂਦਾ ਹੈ।

ਪੰਜਾਬ ਦੀ ਮੌਜੂਦਾ ਕਿਸਾਨ ਲਹਿਰ ਖੇਤੀ ਅੰਦਰਲੀਆਂ ਤਬਦੀਲੀਆਂ ਤੇ ਸਮੱਸਿਆਵਾਂ ਤੋਂ ਪਾਸਾ ਵੱਟ ਕੇ ਚੱਲ ਰਹੀ ਹੈ। ਅਜੀਬ ਇਤਫ਼ਾਕ ਇਹ ਹੈ ਕਿ ਕੁਝ ਕਿਸਾਨ ਯੂਨੀਅਨਾਂ ਨੂੰ ਛੱਡ ਕੇ ਵੱਡੀਆਂ ਗਿਆਰਾਂ ਕਿਸਾਨ ਜਥੇਬੰਦੀਆਂ ਸਾਬਕਾ/ਮੌਜੂਦਾ ਨਕਸਲੀ ਗਰੁੱਪਾਂ ਅਤੇ ਚਾਰ ਰਵਾਇਤੀ ਖੱਬੀਆਂ ਪਾਰਟੀਆਂ ਦੀ ਸੇਧ 'ਤੇ ਚੱਲਦੀਆਂ ਹਨ। ਇਹ ਜਥੇਬੰਦੀਆਂ ਆਪਣੀ ਸਮਰੱਥਾ ਮੁਤਾਬਕ ਵੀ ਅਤੇ ਸਾਂਝੇ ਤੌਰ 'ਤੇ ਵੀ ਅੰਦੋਲਨ ਕਰਦੀਆਂ ਹਨ। ਪਰ ਇਸ ਨੂੰ ਪਰਦੇ ਪਿੱਛੋਂ ਦੀ ਚਲਾਉਣ ਵਾਲੀਆਂ ਰਾਜਨੀਤਕ ਧਿਰਾਂ ਅਤੇ ਗਰੁੱਪ ਆਪਣੀਆਂ ਕਮਜ਼ੋਰੀਆਂ, ਤੰਗਨਜ਼ਰੀ ਅਤੇ ਠਿੱਬੀਮਾਰ ਕੁਬਿਰਤੀ ਸਦਕਾ ਇੱਕ ਨਿਸਚਤ ਸੀਮਾ ਤੋਂ ਅੱਗੇ ਨਹੀਂ ਜਾਣ ਦਿੰਦੇ। ਉਂਜ ਇਨ੍ਹਾਂ ਸਾਰੇ ਹੀ ਧੜਿਆਂ ਵਿਚਕਾਰ ਕਿਸੇ

21-NOV-PAGE-5.qxd 11/20/2022 9:59 PM Page 1

ਹਜ਼ਾਰਾਂ ਮਜ਼ਦੂਰ ਮੁੱਖ ਮੰਤਰੀ ਦੀ ਕੋਠੀ ਦਾ ਖੜਕਾਉਣਗੇ ਕੁੰਡਾ

ਮਾਨਸਾ (ਆਤਮਾ ਸਿੰਘ ਪਮਾਰ) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਦਲਿਤ ਤੇ ਮਜ਼ਦੂਰ ਵਿਰੋਧੀ ਅਖਤਿਆਰ ਕੀਤੇ ਰੁਖ ਖਿਲਾਫ਼ ਹਜ਼ਾਰਾਂ ਮਜ਼ਦੂਰ ਮਰਦ ਔਰਤਾਂ 30 ਨਵੰਬਰ ਨੂੰ ਮੁੱਖ ਮੰਤਰੀ ਦੀ ਕੋਠੀ ਦਾ ਕੁੰਡਾ ਖੜਕਾਉਣਗੇ। ਇਹ ਐਲਾਨ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵੱਲੋਂ ਮਜ਼ਦੂਰ ਮੰਗਾਂ ਲਈ ਏ ਡੀ ਸੀ ਵਿਕਾਸ ਦਫਤਰ ਅੱਗੇ ਚੱਲ ਰਹੇ ਦਿਨ ਰਾਤ ਦੇ ਪੱਕੇ ਮਜ਼ਦੂਰ ਮੋਰਚੇ ਦੇ 108ਵੇਂ ਦਿਨ ਮਜ਼ਦੂਰਾਂ ਨੂੰ ਸੰਬੋਧਨ ਕਰਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓ ਨੇ ਕੀਤਾ।

ਆਲ ਇੰਡੀਆ ਖੇਤ ਅਤੇ ਪੇਂਡੂ ਮਜ਼ਦੂਰ ਸਭਾ ਦੀ ਪੱਛਮੀ ਬੰਗਾਲ ਦੇ ਚੰਦਨ ਨਗਰ ਵਿਖੇ ਹੋਈ ਦੋ ਰੋਜ਼ਾ ਕੌਮੀ ਕਾਨਫਰੰਸ ਵਿਚ ਸ਼ਾਮਲ ਹੋ ਕੇ ਵਾਪਸ ਪਰਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓ ਨੇ ਕਿਹਾ ਕਿ ਜਥੇਬੰਦੀ ਦੀ ਕੌਮੀ ਕਾਨਫਰੰਸ ਵਿਚ ਵੀ ਫੈਸਲਾ ਹੋਇਆ ਕਿ ਕੇਂਦਰ ਤੇ ਸੂਬਾ ਸਰਕਾਰਾਂ ਦੀਆਂ ਦਲਿਤ, ਮਜ਼ਦੂਰ ਵਿਰੋਧੀ ਨੀਤੀਆਂ ਖਿਲਾਫ਼ ਦੇਸ਼ ਪੱਧਰ 'ਤੇ ਮਜ਼ਦੂਰ ਅੰਦੋਲਨ ਨੂੰ ਤੇਜ਼ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਚੋਣਾਂ ਵਿੱਚ 'ਆਪ' ਨੂੰ 92 ਸੀਟਾਂ ਜਿਤਾ ਕੇ ਪੰਜਾਬ ਦੇ ਗਰੀਬ ਸਭ ਤੋਂ ਵੱਧ ਠੱਗੇ ਹੋਏ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਰੇਤਾ ਬੱਜਰੀ ਮਹਿੰਗਾ ਹੋਣ ਕਾਰਨ ਉਸਾਰੀ ਦੇ ਕੰਮ ਬੰਦ ਹੋਣ ਕਾਰਨ ਮਜ਼ਦੂਰ ਦਿਹਾੜੀ ਤੋਂ ਬੇਰੁਜ਼ਗਾਰ, ਦਲਿਤ ਵਿਦਿਆਰਥੀਆਂ ਦਾ ਪਿਛਲੇ ਲੰਬੇ ਸਮੇਂ ਤੋਂ ਵਜ਼ੀਫ਼ਾ ਜਾਰੀ ਨਾ ਕਰਨ ਕਰਕੇ ਵਿਦਿਆਰਥੀਆਂ ਦੀਆਂ ਡਿਗਰੀਆਂ ਪ੍ਰਾਈਵੇਟ ਕਾਲਜਾਂ ਵੱਲੋਂ ਜ਼ਬਤ ਕਰ ਰੱਖੀਆਂ ਹਨ ਅਤੇ ਮੁੱਖ ਮੰਤਰੀ ਵੱਡੇ-ਵੱਡੇ ਬੋਰਡ ਲਵਾ ਕੇ ਕਹਿੰਦਾ ਸਾਡਾ ਕੰਮ ਬੋਲਦਾ ਹੈ।

ਉਨ੍ਹਾਂ ਅਪੀਲ ਕੀਤੀ ਕਿ ਮਜ਼ਦੂਰ ਪਰਵਾਰਾਂ ਸਮੇਤ 30 ਨਵੰਬਰ ਨੂੰ ਮੁੱਖ ਮੰਤਰੀ ਦੀ ਕੋਠੀ ਅੱਗੇ ਸੰਗਰੂਰ ਪਹੁੰਚਣ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਨਿੱਕਾ ਸਿੰਘ ਬਹਾਦਰਪੁਰ, ਸੋਸ਼ਲ ਮੀਡੀਆ ਇੰਚਾਰਜ ਪ੍ਰਦੀਪ ਗੁਰੂ, ਲਿਬਰੇਸ਼ਨ ਪਾਰਟੀ ਦੇ ਆਗੂ ਛੱਜੂ ਸਿੰਘ ਦਿਆਲਪੁਰਾ, ਗਗਨਦੀਪ ਸਿੰਘ ਖੜਕ ਸਿੰਘ ਵਾਲਾ, ਮੇਲਾ ਸਿੰਘ ਕੈਂਚੀਆਂ, ਸੁਖਜੀਤ ਰਾਮਾਨੰਦੀ, ਕਮਲਪ੍ਰੀਤ ਕੌਰ ਝੁਨੀਰ ਤੇ ਸੁਨੀਤਾ ਰਾਣੀ ਵੀ ਮੌਜੂਦ ਸਨ।

ਆਈਲੈਟਸ ਕਰਕੇ ਵਿਦਿਆਰਥੀਆਂ ਦੀ ਵਿਦੇਸ਼ਾਂ ਵੱਲ ਹਿਜਰਤ ਰੋਕਣੀ ਜ਼ਰੂਰੀ : ਸਵਾਤੀ ਅਨੇਜਾ

ਸਮਰਾਲਾ, (ਸੁਰਜੀਤ ਸਿੰਘ) ਇਸ ਵੇਲੇ ਪੰਜਾਬ ਵਿੱਚ ਵਿਦਿਆਰਥੀਆਂ 'ਚ 'ਆਈਲੈਟਸ' ਕਰਕੇ ਰੁਜ਼ਗਾਰ ਲਈ ਵਿਦੇਸ਼ਾਂ ਵੱਲ ਹਿਜਰਤ ਕਰਨ ਦੀ ਦੌੜ ਲੱਗੀ ਹੋਈ ਹੈ। ਜ਼ਿਆਦਾਤਰ ਵਿਦਿਆਰਥੀ ਉਚੇਰੀ ਸਿੱਖਿਆ ਹਾਸਲ ਕਰਨ ਦੀ ਬਜਾਏ ਪਲੱਸ ਟੂ ਉਪਰੰਤ ਆਈਲੈਟਸ ਕਰਕੇ ਮਾਪਿਆਂ ਦੇ 30-40 ਲੱਖ ਰੁਪਏ ਖਰਚ ਕਰਵਾ ਕੇ ਰੁਜ਼ਗਾਰ ਦੀ ਤਲਾਸ਼ ਵਿਚ ਵਿਦੇਸ਼ਾਂ ਨੂੰ ਭੱਜ ਰਹੇ ਹਨ। ਇਸ ਰੁਝਾਨ ਨੂੰ ਰੋਕਣਾ ਜ਼ਰੂਰੀ ਹੈ।

ਇਹ ਵਿਚਾਰ ਟੈਗੋਰ ਗਲੋਬਲ ਸਕੂਲ ਦੀ ਡਾਇਰੈਕਟਰ ਸਵਾਤੀ ਅਨੇਜਾ ਨੇ ਸਕੂਲ ਦੇ ਸਾਲਾਨਾ ਸਮਾਰੋਹ 'ਅਹਿਸਾਸ' ਵਿੱਚ ਸ਼ਿਰਕਤ ਕਰ ਰਹੇ ਬੱਚਿਆਂ ਦੇ ਮਾਪਿਆਂ ਨੂੰ ਸੰਬੋਧਨ ਕਰਦੇ ਹੋਏ ਪ੍ਰਕਟ ਕੀਤੇ। ਉਨ੍ਹਾਂ ਕਿਹਾ ਕਿ ਟੈਗੋਰ ਗਲੋਬਲ ਸਕੂਲ ਮਿਆਰੀ ਸਿਖਿਆ ਦੇ ਕੇ ਵਿਦਿਆਰਥੀਆਂ ਦੀ ਅਜਿਹੀ ਨਸਲ ਤਿਆਰ ਕਰ ਰਿਹਾ ਹੈ, ਜੋ 'ਆਈਲੈਟਸ' ਕਰਕੇ ਰੁਜ਼ਗਾਰ ਲਈ ਬਾਹਰ ਨੂੰ ਭੱਜਣ ਦੀ ਬਜਾਏ ਆਪਣੇ ਸੂਬੇ ਪੰਜਾਬ ਅਤੇ ਆਪਣੇ ਹੀ ਦੇਸ਼ ਵਿਚ ਉੱਚ ਸਿੱਖਿਆ ਪ੍ਰਾਪਤ ਕਰਕੇ ਉੱਚੇ ਅਹੁਦਿਆਂ 'ਤੇ ਪਹੁੰਚਣ।

ਸਕੂਲ ਦੇ ਸਾਲਾਨਾ ਸਮਾਰੋਹ ਵਿੱਚ ਛੋਟੇ-ਛੋਟੇ ਬੱਚਿਆਂ ਵਲੋਂ ਪੇਸ਼ ਕੀਤੀਆਂ ਪੇਸ਼ਕਾਰੀਆਂ ਨੇ ਦਰਸਕਾਂ ਦਾ ਮਨ ਮੋਹ ਲਿਆ ਅਤੇ ਸਮਾਗਮ ਯਾਦਗਾਰੀ ਹੋ ਨਿੱਬੜਿਆ। ਇਸ ਦੌਰਾਨ ਸਕੂਲ ਦੇ ਪ੍ਰਿੰਸੀਪਲ ਮਨੋਜ ਕੁਮਾਰ ਨੇ ਸਕੂਲ ਦੀਆਂ ਸਾਲ ਭਰ ਦੀਆਂ ਪ੍ਰਾਪਤੀਆਂ ਬਾਰੇ ਜ਼ਿਕਰ ਕੀਤਾ ਤੇ ਕਿਹਾ ਕਿ ਸਕੂਲ ਅਨੁਸ਼ਾਸਨ ਅਤੇ ਮਿਆਰੀ ਪੜ੍ਹਾਈ ਉਹਨਾਂ ਦੀ ਪਹਿਲਤਾਵਾਂ ਹਨ। ਸਕੂਲ ਦੇ ਚੇਅਰਮੈਨ ਬੀ.ਕੇ. ਅਨੇਜਾ ਦੀ ਦੇਖ-ਰੇਖ ਵਿਚ ਸਾਰਾ ਪ੍ਰੋਗਰਾਮ ਨੇਪਰੇ ਚੜ੍ਹਿਆ। ਮੁੱਖ ਮਹਿਮਾਨ ਦੇ ਤੌਰ 'ਤੇ ਕੁਲਦੀਪ ਬਾਵਾ ਐਸ.ਡੀ.ਐਮ. ਸਮਰਾਲਾ ਹਾਜ਼ਰ ਰਹੇ।

ਐਸ.ਡੀ.ਐਮ ਨੇ ਬੱਚਿਆਂ ਨੂੰ ਇਨਾਮ ਤਕਸੀਮ ਕੀਤੇ। ਸਕੂਲ ਪ੍ਰਸ਼ਾਸਨ ਵਲੋਂ ਐਸ.ਡੀ.ਐਮ ਨੂੰ ਸਨਮਾਨਤ ਕੀਤਾ ਗਿਆ। ਅੰਤ ਵਿੱਚ ਸਮਾਰੋਹ ਦੀ ਸਿਰਮੌਰ ਆਈਟਮ ਪੰਜਾਬ ਦਾ ਭੰਗੜਾ ਪੇਸ਼ ਕੀਤਾ ਗਿਆ। ਸਵਾਤੀ ਅਨੇਜਾ ਦੀ ਫਰਮਾਇਸ਼ 'ਤੇ ਭੰਗੜਾ ਆਈਟਮ ਦੋਹਰਾਈ ਗਈ। ਪ੍ਰਿੰਸੀਪਲ ਮਨੋਜ ਕੁਮਾਰ ਨੇ ਆਏ ਸਾਰੇ ਮਾਪਿਆਂ ਦਾ ਧੰਨਵਾਦ ਕੀਤਾ।

ਨਸ਼ਾ ਤਸਕਰੀ ਦੇ ਦੋਸ਼ 'ਚ ਅਦਾਲਤ ਨੇ 3 ਨੂੰ ਸੁਣਾਈ ਕੈਦ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) -ਪਾਬੰਦੀਸ਼ੁਦਾ ਗੋਲੀਆਂ ਐ ਗਾਂਜਾ ਬਰਾਮਦਗੀ ਦੇ ਇੱਕ ਮੁਕੱਦਮੇ ਦਾ ਫੈਸਲਾ ਸੁਣਾਉਂਦਿਆਂ ਸਪੈਸ਼ਲ ਅਦਾਲਤ ਵੱਲੋਂ ਗੋਪੀ ਵਾਸੀ ਢੇਹਾ ਕਲੋਨੀ ਮੰਡੀ ਗੋਬਿੰਦਗੜ੍ਹ, ਹਰਪਾਲ ਸਿੰਘ ਵਾਸੀ ਪਿੰਡ ਮਾਜਰੀ ਅਰਾਈਆਂ ਤੇ ਲਖਵੀਰ ਸਿੰਘ ਵਾਸੀ ਪਿੰਡ ਮਾਜਰੀ ਕਿਸ਼ਨੇਵਾਲੀ ਨੂੰ ਕੈਦ ਅਤੇ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ। 19/10/21 ਨੂੰ ਅ/ਧ 20, 22ਸੀ, 29/61/85 ਐਨ.ਡੀ.ਪੀ.ਐਸ. ਐਕਟ ਤਹਿਤ ਮੁਕੱਦਮਾ ਦਰਜ ਕਰਦਿਆਂ ਅਮਲੋਹ ਪੁਲਸ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਉਨ੍ਹਾਂ ਦੀ ਇੱਕ ਪੁਲਸ ਪਾਰਟੀ ਵੱਲੋਂ ਜਲਾਲਪੁਰ ਦੇ ਬੱਸ ਅੱਡੇ ਕੋਲ ਕੀਤੀ ਗਈ ਨਾਕਾਬੰਦੀ ਦੌਰਾਨ ਗੋਪੀ ਨਾਮਕ ਵਿਅਕਤੀ ਨੂੰ ਰੋਕ ਕੇ ਡੀ.ਐਸ.ਪੀ. ਅਮਲੋਹ ਦੀ ਹਾਜ਼ਰੀ 'ਚ ਜਦੋਂ ਉਸਦੀ ਤਲਾਸ਼ੀ ਕੀਤੀ ਗਈ ਤਾਂ ਉਸਦੇ ਕਬਜ਼ੇ 'ਚੋਂ 1210 ਪਾਬੰਦੀਸ਼ੁਦਾ ਗੋਲੀਆਂ ਬਰਾਮਦ ਹੋਈਆਂ, ਜਿਸ 'ਤੇ ਉਸ ਨੂੰ ਗ੍ਰਿਫ਼ਤਾਰ ਕਰਕੇ ਕੀਤੀ ਗਈ ਪੁੱਛਗਿੱਛ ਦੇ ਆਧਾਰ 'ਤੇ ਹਰਪਾਲ ਸਿੰਘ ਅਤੇ ਲਖਵੀਰ ਸਿੰਘ ਨਾਮਕ ਵਿਅਕਤੀਆਂ ਦੇ ਕਬਜ਼ੇ 'ਚੋਂ 5 ਪੁੜੀਆਂ (16 ਗ੍ਰਾਮ) ਗਾਂਜਾ ਬਰਾਮਦ ਕਰਦਿਆਂ ਉਨ੍ਹਾਂ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ।ਮਾਮਲੇ ਸਬੰਧੀ ਅਦਾਲਤ 'ਚ ਸੁਣਵਾਈ ਪੂਰੀ ਹੋਣ 'ਤੇ ਸਪੈਸ਼ਲ ਜੱਜ ਫ਼ਤਹਿਗੜ੍ਹ ਸਾਹਿਬ ਅੰਸ਼ੁਲ ਬੇਰੀ ਦੀ ਅਦਾਲਤ ਨੇ ਗੋਪੀ ਨੂੰ ਮਾਮਲੇ 'ਚ 22 (ਸੀ) ਐਨ.ਡੀ.ਪੀ.ਐਸ. ਐਕਟ ਤਹਿਤ ਦੋਸ਼ੀ ਮੰਨਦਿਆਂ ਦਸ ਸਾਲ ਕੈਦ ਬਾਮੁਸ਼ੱਕਤ ਅਤੇ ਇੱਕ ਲੱਖ ਰੁਪਏ ਜੁਰਮਾਨਾ, ਲਖਵੀਰ ਸਿੰਘ ਤੇ ਹਰਪਾਲ ਸਿੰਘ ਨੂੰ ਮਾਮਲੇ 'ਚ ਅ/ਧ 20 ਐਨ.ਡੀ.ਪੀ.ਐਸ. ਐਕਟ ਤਹਿਤ ਦੋਸ਼ੀ ਮੰਨਦਿਆਂ ਇੱਕ-ਇੱਕ ਮਹੀਨੇ ਦੀ ਕੈਦ ਬਾਮੁਸ਼ੱਕਤ ਅਤੇ ਇੱਕ-ਇੱਕ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

ਸਵ: ਨਿਰਮਲਜੀਤ ਸਿੰਘ ਮਿੱਠਾ ਨੂੰ ਭਾਵ ਭਿੰਨੀਆਂ ਸ਼ਰਧਾਂਜਲੀਆਂ

ਬਰਨਾਲਾ (ਰਜਿੰਦਰ ਬਰਾੜ/ਗੁਰਪ੍ਰੀਤ ਸਿੰਘ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁ: ਬਾਬਾ ਗਾਂਧਾ ਸਿੰਘ ਜੀ ਤੇ ਗੁ: ਤਪ ਅਸਥਾਨ ਬੀਬੀ ਪ੍ਰਧਾਨ ਕੌਰ ਵਿਖੇ ਸੇਵਾਵਾਂ ਨਿਭਾ ਰਹੇ ਸਮਾਜ ਸੇਵੀ ਤੇ ਗੁਰੂਘਰ ਦੇ ਸੇਵਾਦਾਰ ਅਤੇ ਨਿੱਜੀ ਸਕੱਤਰ ਗੁ: ਭਗਤ ਬਾਬਾ ਨਾਮਦੇਵ ਜੀ ਤੇ ਸ੍ਰੀ ਗੀਠਾ ਸਾਹਿਬ ਵੈੱਲਫੇਅਰ ਕਲੱਬ ਦੇ ਪ੍ਰਧਾਨ ਮੁੱਖ ਸੇਵਾਦਾਰ ਗੁਰਜੰਟ ਸਿੰਘ ਸੋਨਾ ਦੇ ਪਿਤਾ ਨਿਰਮਲਜੀਤ ਸਿੰਘ ਮਿੱਠਾ ਪੁੱਤਰ ਸੁਖਦਿਆਲ ਸਿੰਘ ਟੱਲੇਵਾਲ ਵਾਲੇ ਅਚਾਨਕ ਅਕਾਲ ਚਲਾਣਾ ਕਰ ਗਏ।

ਉਨ੍ਹਾਂ ਨਮਿਤ ਸ੍ਰੀ ਸਹਿਜ ਪਾਠ ਦੇ ਭੋਗ ਮੌਕੇ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਤਪ ਅਸਥਾਨ ਬੀਬੀ ਪ੍ਰਧਾਨ ਕੌਰ ਨੇੜੇ ਬੱਸ ਸਟੈਂਡ ਵਿਖੇ ਹੋਇਆ। ਬੁਲਾਰਿਆਂ ਨੇ ਕਿਹਾ ਕਿ ਸਵਰਗੀ ਨਿਰਮਲਜੀਤ ਸਿੰਘ ਮਿੱਠਾ ਬਹੁਪੱਖੀ ਅਤੇ ਮਿਕਨਾਤੀਸੀ ਸ਼ਖ਼ਸੀਅਤ ਦੇ ਮਾਲਕ ਸਨ।

ਇਸ ਮੌਕੇ ਲੇਖਕ ਭੁਪਿੰਦਰ ਸਿੰਘ ਬੇਦੀ ਨੇ ਆਪਣੀ ਕਵਿਤਾ ਰਾਹੀਂ ਸ਼ਰਧਾਂਜਲੀ ਦਿਤੀ। ਜਥੇਦਾਰ ਪਰਮਜੀਤ ਸਿੰਘ ਖਾਲਸਾ ਨੇ ਪਰਵਾਰ ਵੱਲੋਂ ਸਾਰੀਆ ਰਿਸ਼ਤੇਦਾਰ ਦਾ ਧੰਨਵਾਦ ਕੀਤਾ। ਸ਼੍ਰੋਮਣੀ ਅਕਾਲੀ ਦਲ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਅੰਤ੍ਰਿਗ ਕਮੇਟੀ ਮੈਂਬਰ ਜਥੇਦਾਰ ਪਰਮਜੀਤ ਸਿੰਘ ਖਾਲਸਾ, ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਪ੍ਰਧਾਨ ਬਾਬਾ ਟੇਕ ਸਿੰਘ, ਸਕੱਤਰ ਸੁਖਮਿੰਦਰ ਸਿੰਘ, ਰਾਜਦੇਵ ਸਿੰਘ ਖਾਲਸਾ, ਕੁਲਵੰਤ ਸਿੰਘ ਕੀਤੂ ਹਲਕਾ ਇੰਚਾਰਜ, ਕਰਮ ਸਿੰਘ ਭੰਡਾਰੀ, ਗੁਰਜਿੰਦਰ ਸਿੰਘ ਸਿੱਧੂ, ਸੂਰਿਆਵੰਸ਼ੀ ਖੱਤਰੀ ਸਭਾ (ਰਜਿ:) ਬਰਨਾਲਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਭੰਡਾਰੀ, ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸ਼ਹਿਰੀ ਜ਼ਿਲ੍ਹਾ ਪ੍ਰਧਾਨ ਯਾਦਵਿੰਦਰ ਬਿੱਟੂ ਦੀਵਾਨਾ, ਸਾਬਕਾ ਕੌਂਸਲਰ ਤੇਜਿੰਦਰ ਸਿੰਘ ਸੋਨੀ ਜਾਗਲ, ਮੈਨੇਜਰ ਸੁਰਜੀਤ ਸਿੰਘ ਠੀਕਰੀਵਾਲਾ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਸੰਜੀਵ ਸ਼ੋਰੀ, ਸਾਬਕਾ ਚੇਅਰਮੈਨ ਰੁਪਿੰਦਰ ਸਿੰਘ ਸੰਧੂ, ਹਲਕਾ ਭਦੌੜ ਤੋਂ ਇੰਚਾਰਜ ਸਤਨਾਮ ਸਿੰਘ ਰਾਹੀ, ਹਲਕਾ ਮਹਿਲ ਕਲਾਂ ਤੋਂ ਇੰਚਾਰਜ ਵੀਰ ਸਿੰਘ, ਟ੍ਰਾਈਡੈਂਟ ਗਰੁੱਪ ਦੇ ਐਡਮਿਨ ਹੈੱਡ ਰੁਪਿੰਦਰ ਗੁਪਤਾ, ਬਰਨਾਲਾ ਜਰਨਲਿਸਟ ਐਸੋਸੀਏਸਨ ਦੇ ਪ੍ਰਧਾਨ ਰਾਜਿੰਦਰ ਬਰਾੜ, ਕੈਮਿਸਟ ਐਸੋਸੀਏਸ਼ਨ ਜ਼ਿਲ੍ਹਾ ਪ੍ਰਧਾਨ ਸਹਿਰੀ ਪ੍ਰਧਾਨ ਤੇ ਬਰਨਾਲਾ ਜਰਨਲਿਸਟ ਐਸੋਸੀਏਸ਼ਨ ਦੇ ਖ਼ਜ਼ਾਨਚੀ ਨਰਿੰਦਰ ਅਰੋੜਾ, ਬਰਨਾਲਾ ਜਰਨਲਿਸਟ ਐਸੋਸੀਏਸਨ ਦੇ ਜਨਰਲ ਸਕੱਤਰ, ਹਰਿੰਦਰ ਪਾਲ ਨਿੱਕਾ, ਖੱਤਰੀ ਸਭਾ ਬਰਨਾਲਾ ਦੇ ਪ੍ਰਧਾਨ ਰਾਜੀਵ ਵਰਮਾ ਰਿੰਪੀ ਵੱਲੋਂ ਦੁੱਖ ਸਾਂਝਾ ਕੀਤਾ ਗਿਆ।

ਕਾਤਰਾਂ

ਇਮੀਗਰੇਸ਼ਨ ਪਲੈਨਰ ਨੇ ਲਵਾਇਆ ਵਿਦਿਆਰਥੀ ਦਾ ਕੈਨੇਡਾ ਦਾ ਸਟੱਡੀ ਵੀਜ਼ਾ

ਬਾਘਾਪੁਰਾਣਾ (ਮਨੀ ਸਿੰਗਲਾ) ਬਹੁਤ ਹੀ ਥੋੜ੍ਹੇ ਸਮੇਂ ਵਿਚ ਆਈਲੈਟਸ ਦੀ ਦੁਨੀਆ ਵਿੱਚ ਆਪਣਾ ਨਾਂਅ ਬਣਾ ਰਹੀ ਦਾ ਇਮੀਗਰੇਸ਼ਨ ਪਲੈਨਰ ਜੋ ਕਿ ਕਾਲੇ ਕੇ ਰੋਡ ਉੱਪਰ ਸਥਿਤ ਹੈ, ਵਿਦਿਆਰਥੀ ਕਮਲ ਬਾਸਲ ਪੁੱਤਰ ਵਿਜੇ ਕੁਮਾਰ ਬਾਸਲ ਵਾਸੀ ਬਾਘਾਪੁਰਾਣਾ ਦਾ ਕਲੰਬੀਆ ਕਾਲਜ ਵੈਨਕੋਵਰ ਕੈਨੇਡਾ ਦਾ ਸਟੱਡੀ ਵੀਜ਼ਾ ਲਗਵਾਇਆ ਹੈ । ਵਿਦਿਆਰਥੀ ਕਮਲ ਬਾਸਲ ਨੇ ਸਟਾਫ਼ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਸਟਾਫ ਦੀ ਅਣਥੱਕ ਮਿਹਨਤ ਸਦਕਾ ਹੀ ਮੇਰਾ ਕੈਨੇਡਾ ਦਾ ਸਟੱਡੀ ਵੀਜ਼ਾ ਲੱਗਿਆ ਹੈ । ਐਮ ਡੀ ਯੋਗੇਸ਼ ਗੋਇਲ ਨੇ ਵਿਦਿਆਰਥੀ ਕਮਲ ਬਾਸਲ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਵਧਾਈ ਦਿੱਤੀ ਅਤੇ ਉਸ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ ।

ਪੰਜਾਬ ਰਾਜ ਪੱਧਰੀ ਜੇਤੂਆਂ ਦੀ ਕੀਤੀ ਸ਼ਲਾਘਾ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) -ਵਿਵੇਕਾਨੰਦ ਵਰਲਡ ਸਕੂਲ ਵਿੱਚ ਜ਼ਿਲ੍ਹਾ ਫੈਂਸਿੰਗ ਐਸੋਸੀਏਸ਼ਨ ਦੇ ਮੈਂਬਰਾਂ ਵੱਲੋਂ ਪੰਜਾਬ ਰਾਜ ਪੱਧਰੀ ਜੇਤੂਆਂ ਦੀ ਸ਼ਲਾਘਾ ਕੀਤੀ ਗਈ। ਸਕੂਲ ਦੇ ਡਾਇਰੈਕਟਰ ਡਾ. ਐੱਸਐੱਨ ਰੁਦਰਾ ਨੇ ਦੱਸਿਆ ਕਿ ਪੰਜਾਬ ਪੱਧਰੀ ਤਲਵਾਰਬਾਜ਼ੀ ਮੁਕਾਬਲੇ ਦੇ ਜੇਤੂਆਂ ਦਾ ਵਿਵੇਕਾਨੰਦ ਵਰਲਡ ਸਕੂਲ ਦੇ ਵਿਹੜੇ ਵਿੱਚ ਸਵਾਗਤ ਕੀਤਾ ਗਿਆ। ਇਸੇ ਤਰ੍ਹਾਂ ਪਿਛਲੇ ਦਿਨੀਂ ਫ਼ਤਿਹਗੜ੍ਹ ਸਾਹਿਬ ਵਿਖੇ ਹੋਈ ਅੰਡਰ-19 ਲੜਕੀਆਂ ਦੀ ਤਲਵਾਰਬਾਜ਼ੀ ਖੇਡ ਵਿੱਚ ਜੇਤੂ ਅਵਨੀਤ ਕੌਰ, ਸ੍ਰਿਸ਼ਟੀ ਸ਼ਰਮਾ, ਸਾਧਨਾ, ਪਲਕ ਵੱਲੋਂ ਕਾਂਸੀ ਦਾ ਤਗਮਾ ਜਿੱਤਣ 'ਤੇ ਸਕੂਲ ਦੇ ਚੇਅਰਮੈਨ ਅਤੇ ਜ਼ਿਲ੍ਹਾ ਫੈਂਸਿੰਗ ਐਸੋਸੀਏਸ਼ਨ ਦੇ ਜਨਰਲ ਸਕੱਤਰ ਗੌਰਵ ਸਾਗਰ ਭਾਸਕਰ, ਡਾਇਰੈਕਟਰ ਭਗਵਤੀ ਲੈਕਟੋ ਪ੍ਰਾਈਵੇਟ ਲਿਮਟਿਡ ਸਮੀਰ ਮਿੱਤਲ, ਲਾਇਨਜ਼ ਕਲੱਬ ਦੇ ਰੀਜਨ ਚੇਅਰਮੈਨ ਲਾਇਨ ਏਐੱਸ ਭੋਗਲ, ਜ਼ਿਲ੍ਹਾ ਫੈਂਸਿੰਗ ਐਸੋਸੀਏਸ਼ਨ ਦੇ ਸੰਯੁਕਤ ਸਕੱਤਰ ਦਵਿੰਦਰ ਨਾਥ, ਬਲਰਾਜ ਸਿੰਘ (ਕੋਚ), ਬੂਟਾ ਸਿੰਘ, ਸਤਵਿੰਦਰ ਸਿੰਘ, ਮੁਹੰਮਦ. ਅਕਾਸ਼ ਕੁਮਾਰ ਨੇ ਟੀਮ ਨੂੰ ਜਿੱਤ ਦੀ ਵਧਾਈ ਦਿੱਤੀ। ਇਸ ਮੌਕੇ ਬਲਰਾਜ ਸਿੰਘ, ਜਿਨ੍ਹਾਂ ਨੇ ਫਿਰੋਜ਼ਪੁਰ ਵਿੱਚ ਤਲਵਾਰਬਾਜ਼ੀ ਦੀਆਂ ਖੇਡਾਂ ਨੂੰ ਹਮੇਸ਼ਾ ਹੀ ਉਤਸ਼ਾਹਤ ਕੀਤਾ ਹੈ, ਨੇ ਇਸ ਖੇਡ ਨੂੰ ਅੰਤਰਰਾਸ਼ਟਰੀ ਪੱਧਰ ਤੱਕ ਲੈ ਕੇ ਜਾਣ ਬਾਰੇ ਚਰਚਾ ਕੀਤੀ।

ਬਲਜੀਤ ਕੌਰ ਬੰਗੜ ਕਾਂਗਰਸ ਪਾਰਟੀ ਦੀ ਜ਼ਿਲ੍ਹਾ ਵਾਈਸ ਪ੍ਰਧਾਨ ਨਿਯੁਕਤ

ਮਮਦੋਟ, (ਜਸਬੀਰ ਸਿੰਘ ਕੰਬੋਜ)- ਕਾਂਗਰਸ ਪਾਰਟੀ ਵਿਚ ਨਵਾਂ ਜੋਸ਼ ਭਰਨ ਦੇ ਉਦੇਸ਼ ਨਾਲ ਕਾਂਗਰਸ ਪਾਰਟੀ ਦੇ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਪੰਜਾਬ ਭਰ ਵਿਚ ਨਵੇਂ ਅਹੁਦੇਦਾਰ ਐਲਾਨ ਕੀਤੇ ਗਏ ਹਨ। ਇਨ੍ਹਾਂ ਤਾਜ਼ਾ ਕੀਤੀਆਂ ਗਈਆਂ ਨਿਯੁਕਤੀਆਂ ਵਿਚ ਹਲਕਾ ਫਿਰੋਜ਼ਪੁਰ ਦਿਹਾਤੀ ਤੋਂ ਹਲਕਾ ਇੰਚਾਰਜ

page-6-21-Nov-2022-G-Final-22.qxd 11/20/2022 10:03 PM Page 1

ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਸਾਹਿਤਕਾਰਾਂ ਵੱਲੋਂ ਕਰਤਾਰਪੁਰ ਸਾਹਿਬ ਦਾ ਦੌਰਾ

ਬਾਬੇ ਦਿਆਂ ਖੇਤਾਂ ਦੀ ਮਿੱਟੀ ਦਿੰਦੀ ਹੈ ਮਿਲ ਬੈਠਣ ਦਾ ਸੰਦੇਸ਼ : ਬਾਬਾ ਨਜ਼ਮੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਲਹਿੰਦੇ ਪੰਜਾਬ ਦੇ ਜ਼ਿਲ੍ਹਾ ਨਾਰੋਵਾਲ ਸਥਿੱਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਬ ਦੇ ਦਰਸ਼ਨ ਦੀਦਾਰੇ ਕਰਨ ਹਿੱਤ ਦੋਵਾਂ ਪੰਜਾਬਾਂ ਦੇ ਸਾਹਿਤਕਾਰਾਂ ਸਾਂਝੇ ਤੌਰ 'ਤੇ ਸ਼ਿਰਕਤ ਕੀਤੀ। ਚੜ੍ਹਦੇ ਪੰਜਾਬ ਤੋਂ ਗਏ ਸਾਹਿਤਕਾਰਾਂ ਦੇ ਜਥੇ ਦੇ ਪ੍ਰਬੰਧਕ ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਦੱਸਿਆ ਕਿ ਪ੍ਰਮੁਖ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਅਤੇ ਕੇਂਦਰੀ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਹੁਰਾਂ ਇਧਰੋਂ ਅਗਵਾਈ ਕੀਤੀ ਜਦਕਿ ਲਹਿੰਦੇ ਪੰਜਾਬ ਤੋਂ ਆਏ ਸਾਹਿਤਕਾਰਾਂ ਦੀ ਅਗਵਾਈ ਬਾਬਾ ਨਜ਼ਮੀ ਅਤੇ ਅਫਜ਼ਲ ਸਾਹਿਰ ਕੀਤੀ।

ਪਹੁੰਚੇ ਸਾਹਿਤਕਾਰਾਂ ਨੇ ਜਿਥੇ ਗੁਰਦੁਆਰਾ ਦਰਬਾਰ ਸਾਹਿਬ ਅਤੇ ਮਜ਼ਾਰ ਸਾਹਿਬ 'ਤੇ ਮੱਥਾ ਟੇਕਿਆ ਉਥੇ ਸਾਂਝੇ ਤੌਰ 'ਤੇ ਪੰਗਤ ਵਿੱਚ ਬੈਠ ਕੇ ਲੰਗਰ ਛਕਿਆ। ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਬਣੇ ਬਾਬਾ ਅਜਿਤਾ ਰੰਧਾਵਾ ਬਜ਼ਾਰ ਵਿਚ ਅਦਬੀ ਮਹਿਫਲ ਨੂੰ ਸੰਬੋਧਨ ਕਰਦਿਆਂ ਬਾਬੇ ਨਜ਼ਮੀ ਨੇ ਆਪਣੀ ਗਜ਼ਲ ਦੇ ਖੂਬਸੂਰਤ ਸ਼ੇਅਰ 'ਤੂੰ ਕਿਉਂ ਮੇਰੀ ਮਸਜਿਦ ਢਾਹਵੇਂ, ਮੈਂ ਕਿਉਂ ਤੋੜਾਂ ਮੰਦਰ ਨੂੰ' ਰਾਹੀਂ ਕਿਹਾ ਕਿ ਗੁਰੂ ਪੀਰ ਹਮੇਸ਼ਾ ਨਫਰਤ ਨੂੰ ਭੰਡਦੇ ਹਨ।

ਬਲਦੇਵ ਸਿੰਘ ਸੜਕਨਾਮਾ ਨੇ ਕਿਹਾ ਕਿ ਇਸ ਸਾਂਝੀ ਧਰਤੀ 'ਤੇ ਧਾਰਮਿਕ ਸ਼ਰਧਾ ਅਤੇ ਸੱਭਿਆਚਾਰਕ ਮਿਲਣੀਆਂ ਦੇ ਹੋਰ ਸਬੱਬ ਪੈਦਾ ਕਰਨੇ ਚਾਹੀਦੇ ਹਨ। ਦਰਸ਼ਨ ਬੁੱਟਰ, ਅਫਜ਼ਲ ਸਾਹਿਰ, ਸੁਸ਼ੀਲ ਦੁਸਾਂਝ, ਐੱਸ. ਨਸੀਮ, ਮੱਖਣ ਕੁਹਾੜ, ਟੀ. ਲੋਚਨ, ਫ਼ਾਇਕਾ ਅਨਵਰ, ਰੂਬੀਨਾ, ਸਾਜਨ ਭਟ, ਸ਼ੈਲਿੰਦਰਜੀਤ ਰਾਜਨ, ਹਰਪਾਲ ਨਾਗਰਾ, ਸ਼ੁਕਰਗੁਜ਼ਾਰ ਸਿੰਘ, ਜਗਤਾਰ ਗਿੱਲ, ਸੰਤੋਖ ਸਿੰਘ ਗੋਰਾਇਆ, ਮਨਜੀਤ ਸਿੰਘ ਵੱਸੀ, ਮੱਖਣ ਭੈਣੀਵਾਲਾ, ਰਘਬੀਰ ਸਿੰਘ ਸੋਹਲ ਅਤੇ ਪਰਮਜੀਤ ਬਾਠ ਨੇ ਰਚਨਾਵਾਂ ਰਾਹੀਂ ਮੁਹੱਬਤ ਦਾ ਪੈਗਾਮ ਦਿੱਤਾ। ਇਸ ਸਮੇਂ ਵਜ਼ੀਰ ਸਿੰਘ ਰੰਧਾਵਾ, ਮਨਮੋਹਨ ਢਿੱਲੋਂ, ਹਰਜੀਤ ਸਿੰਘ ਸੰਧੂ, ਮੋਹਿਤ ਸਹਿਦੇਵ, ਤਰਲੋਚਨ ਤਰਨਤਾਰਨ, ਕਮਲ ਦੁਸਾਂਝ, ਪਰਮਜੀਤ ਕੌਰ, ਅਨੁਮੀਤ ਕੌਰ, ਗਗਨਦੀਪ ਕੌਰ ਅਤੇ ਹੋਰ ਕਈ ਅਹਿਮ ਸ਼ਖਸੀਅਤਾਂ ਹਾਜ਼ਰ ਸਨ।

ਪੰਜਾਬ ਸਟੇਟ ਜੂਨੀਅਰ ਬੈਡਮਿੰਟਨ ਚੈਂਪੀਅਨਸ਼ਿਪ ਸੰਪੰਨ

ਹੁਸ਼ਿਆਰਪੁਰ ਦੀ ਤਾਨਵੀ ਸ਼ਰਮਾ ਤੇ ਗੁਰਦਾਸਪੁਰ ਦੇ ਆਕਰਸ਼ਿਤ ਬਣੇ ਚੈਂਪੀਅਨ

ਜਲੰਧਰ: (ਨਜ਼ਸ)-ਰਾਏਜ਼ਾਦਾ ਹੰਸਰਾਜ ਸਟੇਡੀਅਮ ਵਿਖੇ ਚੱਲ ਰਹੀ ਪੰਜਾਬ ਸਟੇਟ ਜੂਨੀਅਰ ਅਤੇ ਇੰਟਰ ਡਿਸਟ੍ਰਿਕਟ ਬੈਡਮਿੰਟਨ ਚੈਂਪੀਅਨਸ਼ਿਪ -2022 (ਅੰਡਰ-19) ਦਾ ਐਤਵਾਰ ਨੂੰ ਸਮਾਪਤ ਹੋ ਗਈ। ਆਖਰੀ ਦਿਨ ਹੋਏ ਫਾਈਨਲ ਮੁਕਾਬਲੇ ਵਿੱਚ ਹੁਸ਼ਿਆਰਪੁਰ ਦੀ ਤਾਨਵੀ ਸ਼ਰਮਾ ਨੇ ਜਲੰਧਰ ਦੀ ਮਾਨਿਯਾ ਰਲਹਣ ਨੂੰ 21-16, 21-13 ਨਾਲ ਹਰਾ ਕੇ ਲੜਕੀਆਂ ਦੇ ਸਿੰਗਲ ਵਰਗ ਦਾ ਖਿਤਾਬ ਜਿੱਤਿਆ ਅਤੇ ਲੜਕਿਆਂ ਦੇ ਸਿੰਗਲ ਵਰਗ ਦਾ ਖਿਤਾਬ ਗੁਰਦਾਸਪੁਰ ਦੇ ਆਕਰਸ਼ਿਤ ਸ਼ਰਮਾ ਦੇ ਨਾਮ ਰਿਹਾ।

ਆਕਰਸ਼ਿਤ ਨੇ ਅੰਮ੍ਰਿਤਸਰ ਦੇ ਅਧਯਨ ਕੱਕੜ ਨੂੰ 10-21, 21-14, 21-12 ਨਾਲ ਹਰਾਇਆ। ਇਸੇ ਤਰ੍ਹਾਂ ਅੰਡਰ-19 ਲੜਕੀਆਂ ਦੇ ਡਬਲ ਮੁਕਾਬਲੇ ਵਿੱਚ ਹੁਸ਼ਿਆਰਪੁਰ ਦੀ ਰਾਧਿਕਾ ਸ਼ਰਮਾ ਅਤੇ ਤਾਨਵੀ ਸ਼ਰਮਾ ਨੇ ਜਲੰਧਰ ਦੀ ਮਾਨਿਯਾ ਰਲਹਣ ਅਤੇ ਲੀਜ਼ਾ ਟਾਂਕ ਨੂੰ 21-14, 21-16 ਨਾਲ ਹਰਾਇਆ। ਮਿਕਸਡ ਮੁਕਾਬਲੇ ਵਿੱਚ ਆਕਰਸ਼ਿਤ ਅਤੇ ਮਾਨਿਯਾ ਜੇਤੂ ਰਹੇ। ਇਨ੍ਹਾਂ ਨੇ ਅਧਯਨ ਅਤੇ ਤਾਨਵੀ ਨੂੰ 21-15, 23-21 ਨਾਲ ਹਰਾਇਆ। ਲੜਕਿਆਂ ਦੇ ਡਬਲਜ਼ ਮੁਕਾਬਲਿਆਂ 'ਚ ਮ੍ਰਿਦੁਲ ਝਾਅ ਅਤੇ ਅਧਯਨ ਕੱਕੜ ਦੀ ਜੋੜੀ ਨੇ ਆਕਰਸ਼ਿਤ ਅਤੇ ਈਸ਼ਾਨ ਸ਼ਰਮਾ ਨੂੰ 21-12, 16-21, 25-23 ਨਾਲ ਹਰਾਇਆ।

ਜੇਤੂਆਂ ਨੂੰ ਆਮ ਆਦਮੀ ਪਾਰਟੀ ਦੇ ਸੀਨੀਅਰ ਲੀਡਰ ਦੀਪਕ ਬਾਲੀ ਨੇ ਆਕਰਸ਼ਕ ਪੁਰਸਕਾਰ ਵੰਡੇ। ਉਨ੍ਹਾਂ ਡੀਬੀਏ ਦੇ ਸਕੱਤਰ ਅਤੇ ਸਾਬਕਾ ਨੈਸ਼ਨਲ ਖਿਡਾਰੀ ਰਿਤਿਨ ਖੰਨਾ ਅਤੇ ਉਨ੍ਹਾਂ ਦੀ ਪੂਰੀ ਟੀਮ ਨੂੰ ਟੂਰਨਾਮੈਂਟ ਦੇ ਸਫਲ ਆਯੋਜਨ ਦੀ ਵਧਾਈ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਟੂਰਨਾਮੈਂਟ ਬੱਚਿਆਂ ਦਾ ਉਤਸ਼ਾਹ ਵਧਾਉਂਦੇ ਹਨ। ਇਸ ਤਰ੍ਹਾਂ ਦੇ ਟੂਰਨਾਮੈਂਟ ਵਿੱਚੋਂ ਨਿਕਲੇ ਖਿਡਾਰੀ ਦੇਸ਼ ਦੇ ਲਈ ਪੁਰਸਕਾਰ ਵਿਜੇਤਾ ਬਣਦੇ ਹਨ। ਇਸ ਮੌਕੇ ਅੰਤਿਮ ਕਮੇਟੀ ਦੇ ਮੈਂਬਰ ਕੁਸੁਮ ਕੇ. ਪੀ. ਅਤੇ ਹਰਪ੍ਰੀਤ ਸਿੰਘ ਸਮੇਤ ਹੋਰ ਪਤਵੰਤੇ ਮੌਜੂਦ ਸਨ। ਚੈਂਪੀਅਨਸ਼ਿਪ ਵਿੱਚ 18 ਜ਼ਿਲ੍ਹਿਆਂ ਦੇ 250 ਖਿਡਾਰੀਆਂ ਨੇ ਭਾਗ ਲਿਆ ਅਤੇ ਇਸ ਟੂਰਨਾਮੈਂਟ 'ਚ ਲੀ-ਨਿੰਗ ਅਤੇ ਸਨਲਾਈਟ ਸਪੋਰਟਸ ਦਾ ਖਾਸ ਸਹਿਯੋਗ ਰਿਹਾ।

ਦੁਕਾਨਾਂ 'ਤੇ ਕਬਜ਼ਾ ਕਰਨ ਲਈ ਐਨ ਆਰ ਆਈ ਔਰਤ ਸਮੇਤ ਦੋ ਹੋਰ ਨਾਮਜ਼ਦ

ਜਗਰਾਉਂ (ਅਮਿਤ ਖੰਨਾ) ਜਗਰਾਉਂ, ਥਾਣਾ ਸਿਟੀ ਰਾਏਕੋਟ ਦੀ ਪੁਲਸ ਨੇ ਦੁਕਾਨਾਂ ਦੇ ਤਾਲੇ ਤੋੜ ਕੇ ਲੱਖਾਂ ਦਾ ਸਾਮਾਨ ਖੋਹਣ ਦੇ ਦੋਸ਼ 'ਚ ਇਕ ਪ੍ਰਵਾਸੀ ਭਾਰਤੀ ਔਰਤ, ਇਕ ਹੋਰ ਔਰਤ ਅਤੇ ਇਕ ਵਿਅਕਤੀ ਨੂੰ ਨਾਮਜ਼ਦ ਕਰਕੇ ਤਿੰਨਾਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਐੱਸ.ਆਈ ਜਸਪ੍ਰੀਤ ਕੌਰ ਨੇ ਦੱਸਿਆ ਹੈ ਕਿ ਸ਼ਿਕਾਇਤਕਰਤਾ ਗੁਰਿੰਦਰ ਸਿੰਘ ਨੇ ਦੱਸਿਆ ਹੈ ਕਿ ਉਸ ਨੇ ਰਾਏਕੋਟ ਬੱਸ ਸਟੈਂਡ ਦੇ ਸਾਹਮਣੇ ਸਥਿਤ ਮਾਰਕੀਟ ਵਿੱਚ ਕੁਝ ਦੁਕਾਨਾਂ ਕਿਰਾਏ 'ਤੇ ਲੈ ਕੇ ਆਟੋਮੋਬਾਈਲ ਏਜੰਸੀ ਦੇ ਨਾਂਅ 'ਤੇ ਸ਼ੋਅਰੂਮ ਖੋਲ੍ਹਿਆ ਹੋਇਆ ਹੈ। ਪਰ ਮੰਡੀ ਦੇ ਮਾਲਕ ਵੱਲੋਂ ਇੱਕ ਸੋਚੀ ਸਮਝੀ ਸਾਜਸ਼ ਤਹਿਤ ਆਪਣੀ ਏਜੰਸੀ ਦੀਆਂ ਦੁਕਾਨਾਂ ਦੇ ਤਾਲੇ ਤੋੜ ਕੇ ਕਰੀਬ 95 ਹਜ਼ਾਰ ਰੁਪਏ ਦੇ ਸਪੇਅਰ ਪਾਰਟਸ, ਚਾਰ ਪੱਖੇ, ਵਾਟਰ ਕੂਲਰ, ਸਬਮਰਸੀਬਲ ਮੋਟਰ, ਵਾਸ਼ਿੰਗ ਪੰਪ, 2 ਮੇਜ਼, 8 ਕੁਰਸੀਆਂ, ਐਲੂਮੀਨੀਅਮ ਦੀ ਫਿਟਿੰਗ, ਰਸੋਈ ਦਾ ਸਾਰਾ ਸਮਾਨ, ਬਾਥਰੂਮ ਦਾ ਸਮਾਨ ਦੁਕਾਨਾਂ ਦੇ ਪਿੱਛੇ ਸੁੱਟਿਆ ਗਿਆ, ਸ਼ੈਡ ਸਪੇਅਰ ਪਾਰਟਸ ਵਾਲੇ ਕਮਰੇ ਵਿੱਚ ਸਪੇਅਰ ਪਾਰਟਸ ਰੱਖਣ ਲਈ ਵਰਤੀਆਂ ਜਾਂਦੀਆਂ ਲੋਹੇ ਦੀਆਂ ਰੇਕਾਂ ਨਸ਼ਟ ਹੋਣ ਦੇ ਨਾਲ-ਨਾਲ ਉਨ੍ਹਾਂ ਦਾ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ। ਦੁਕਾਨਾਂ ਨੂੰ ਤਾਲੇ ਲਾ ਕੇ ਕਬਜ਼ਾ ਕਰ ਲਿਆ ਗਿਆ ਹੈ ਅਤੇ ਬਾਹਰੋਂ ਉਨ੍ਹਾਂ ਦੀ ਏਜੰਸੀ ਦਾ ਬੋਰਡ ਹਟਾ ਦਿੱਤਾ ਗਿਆ ਹੈ ਅਤੇ ਉਥੇ ਪ੍ਰੋਵਿਟਰ ਕਿਰਨਜੀਤ ਕੌਰ ਦੇ ਨਾਂਅ ਦਾ ਧਾਲੀਵਾਲ ਇਮੀਗ੍ਰੇਸ਼ਨ ਦਾ ਬੋਰਡ ਲਗਾ ਦਿੱਤਾ ਗਿਆ ਹੈ। ਐਸ.ਆਈ ਜਸਪ੍ਰੀਤ ਕੌਰ ਨੇ ਦੱਸਿਆ ਕਿ ਸ਼ਿਕਾਇਤਕਰਤਾ ਗੁਰਿੰਦਰ ਸਿੰਘ ਦੀ ਸ਼ਿਕਾਇਤ ਨੂੰ ਪੁਲਸ ਵਿਭਾਗ ਦੇ ਉੱਚ ਅਧਿਕਾਰੀਆਂ ਨੇ ਆਪਣੀ ਜਾਂਚ ਵਿੱਚ ਸਹੀ ਪਾਇਆ ਹੈ, ਜਿਸ ਦੇ ਆਧਾਰ 'ਤੇ ਪੁਲਸ ਨੇ ਕਾਰਵਾਈ ਕਰਦਿਆਂ ਕਿਰਨਜੀਤ ਕੌਰ ਵਾਸੀ ਕੈਨੇਡਾ, ਹਰਮਿੰਦਰ ਕੌਰ, ਆਈ. ਪਿੰਡ ਗਰਾਸੀਆ ਮੱਖਣ ਦੇ ਵਸਨੀਕ ਹਰਮਿੰਦਰ ਸਿੰਘ ਵਾਸੀ ਖਿਲਾਫ ਦੁਕਾਨਾਂ 'ਤੇ ਕਬਜ਼ਾ ਕਰਕੇ ਅੰਦਰ ਪਿਆ ਲੱਖਾਂ ਰੁਪਏ ਦਾ ਸਮਾਨ ਲੁੱਟਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਹੈ। ਇਸ ਸੰਬੰਧੀ ਜਦੋਂ ਸ਼ਿਕਾਇਤਕਰਤਾ ਗੁਰਵਿੰਦਰ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਜਿਨ੍ਹਾਂ ਦੁਕਾਨਾਂ ਦੇ ਤਾਲੇ ਤੋੜੇ ਹੋਏ ਸਨ, ਉਨ੍ਹਾਂ ਨੂੰ ਕਿਰਨਜੀਤ ਕੌਰ, ਹਰਮਿੰਦਰ ਕੌਰ ਅਤੇ ਹਰਮਿੰਦਰ ਸਿੰਘ ਨੇ ਕਿਰਾਏ 'ਤੇ ਲੈ ਕੇ ਕਬਜ਼ਾ ਕੀਤਾ ਹੋਇਆ ਹੈ ਅਤੇ ਇਸ ਤੋਂ ਪਹਿਲਾਂ ਵੀ ਉਨ੍ਹਾਂ ਨੂੰ ਇਹ ਦੁਕਾਨਾਂ ਖਾਲੀ ਕਰਨ ਲਈ ਕਿਹਾ ਗਿਆ ਸੀ। ਦੁਕਾਨ ਇਨ੍ਹਾਂ ਲੋਕਾਂ ਨੇ ਮਾਣਯੋਗ ਅਦਾਲਤ ਤੱਕ ਵੀ ਪਹੁੰਚ ਕੀਤੀ ਸੀ ਪਰ ਹੇਠਲੀ ਅਦਾਲਤ ਅਤੇ ਸੈਸ਼ਨ ਕੋਰਟ ਵਿੱਚ ਫੈਸਲਾ ਉਨ੍ਹਾਂ ਦੇ ਹੱਕ ਵਿੱਚ ਆਇਆ। ਪਰ ਉਨ੍ਹਾਂ ਮਾਣਯੋਗ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਕਰਦਿਆਂ ਦੁਕਾਨਾਂ ਦੇ ਤਾਲੇ ਤੋੜ ਕੇ ਦੁਕਾਨਾਂ ਦੇ ਅੰਦਰ ਪਿਆ ਲੱਖਾਂ ਰੁਪਏ ਦਾ ਸਮਾਨ ਲੁੱਟ ਲਿਆ ਅਤੇ ਤਾਲੇ ਲਗਾ ਕੇ ਕਾਬੂ ਕਰ ਲਿਆ। ਜਿਸ ਕਾਰਨ ਉਸ ਨੇ ਆਪਣੀ ਇਕ ਸ਼ਿਕਾਇਤ ਪੁਲਸ ਵਿਭਾਗ ਦੇ ਅਧਿਕਾਰੀਆਂ ਨੂੰ ਦਿੱਤੀ ਸੀ, ਜਿਸ ਦੇ ਅਧਾਰ 'ਤੇ ਪੁਲਸ ਨੇ ਕਾਰਵਾਈ ਕਰਦੇ ਹੋਏ ਉਕਤ ਤਿੰਨਾਂ ਖਿਲਾਫ ਪਰਚਾ ਦਰਜ ਕਰ ਲਿਆ ਹੈ।

ਮੀਰਾ ਚੱਲੀ ਸਤਿਗੁਰ ਦੇ ਧਾਮ ਸਾਂਝੀਵਾਲਤਾ ਯਾਤਰਾ ਦਾ ਜਗਰਾਉਂ ਪਹੁੰਚਣ 'ਤੇ ਜ਼ੋਰਦਾਰ ਸਵਾਗਤ

ਜਗਰਾਉਂ, (ਅਮਿਤ ਖੰਨਾ) ਮੇੜਤਾ ਰਾਜਸਥਾਨ ਤੋਂ ਸ਼ੁਰੂ ਹੋਈ ਸਾਂਝੀਵਾਲਤਾ ਯਾਤਰਾ ਦਾ ਜਗਰਾਉਂ ਪਹੁੰਚਣ 'ਤੇ ਗੁਰਦੁਆਰਾ ਰਵਿਦਾਸ ਪ੍ਰਬੰਧਕ ਕਮੇਟੀ ਖਾਲਸਾ ਪਰਿਵਾਰ ਜਗਰਾਉਂ ਨਗਰ ਕੌਂਸਲ ਦੇ ਈ.ਓ. ਮਨੋਹਰ ਸਿੰਘ ਸਫਾਈ ਸੇਵਕ ਯੂਨੀਅਨ ਦੇ ਪ੍ਰਧਾਨ ਅਰੁਣ ਗਿੱਲ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਜਗਰਾਉਂ ਪੁੱਜੀ ਸਾਂਝੀਵਾਲਤਾ ਯਾਤਰਾ ਸ਼ਹਿਰ ਦੀ ਪ੍ਰਕਰਮਾਂ ਕਰਦੀ ਹੋਈ ਸਨਅਤੀ ਮੰਤਰੀ ਸੇਵਾ ਹਾਲ ਵਿਚ ਪੁੱਜੀ। ਇਸ ਯਾਤਰਾ ਵਿੱਚ ਆਏ ਸਨ ਗੁਰਵਿੰਦਰ ਸਿੰਘ ਰੰਗ ਭਵਨ ਨਿਰਮਲ ਕੁਟੀਆ ਮਹੰਤ ਪੁਰਸ਼ੋਤਮ ਲਾਲ ਦੇਹਰਾ ਸਤਿਗੁਰ ਰਵਿਦਾਸ ਜੀ ਕੀ ਚੱਕ ਹਕੀਮ ਫਗਵਾੜਾ ਨੇ ਆਈ ਹੋਈ ਸੰਗਤ ਨੂੰ ਸਾਂਝੀਵਾਲਤਾ ਦਾ ਉਪਦੇਸ਼ ਦਿੰਦਿਆਂ ਹੋਇਆ ਦੱਸਿਆ ਕਿ ਸਾਨੂੰ ਜਾਤ-ਪਾਤ ਤੋਂ ਉੱਪਰ ਉੱਠ ਕੇ ਆਪਸੀ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਦਿਆਂ ਇਕ ਦੂਜੇ ਨਾਲ ਮਿਲ ਜੁਲ ਕੇ ਰਹਿੰਦੇ ਹੋਏ ਸਾਡੇ ਦੇਸ਼ ਦੀ ਅਮਨ ਸ਼ਾਂਤੀ ਨੂੰ ਭੰਗ ਕਰਨ ਵਾਲੀਆਂ ਨਾਪਾਕ ਤਾਕਤਾਂ ਦੇ ਮਨਸੂਬਿਆਂ ਨੂੰ ਨਾਕਾਮ ਕਰਨਾ ਚਾਹੀਦਾ ਹੈ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ। ਇਸ ਮੌਕੇ ਮੋਹਿਤ ਅੱਗਰਵਾਲ ਨੇ ਕਿਹਾ ਕਿ ਸੰਤਾਂ ਮਹਾਂਪੁਰਸ਼ਾਂ ਦਾ ਜਗਰਾਉਂ ਪਹੁੰਚਣਾ ਬੜੇ ਮਾਣ ਸਨਮਾਨ ਦੀ ਗੱਲ ਹੈ। ਇਸ ਮੌਕੇ ਸਾਈਂ ਸਤਪਾਲ ਹਠੂਰ ਵਾਲੇ , ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ, ਨਰਿੰਦਰ ਸਿੰਘ , ਰਾਜੇਸ਼, ਅਜਮੇਰ ਸਿੰਘ ਔਲਖ, ਬੀ ਜੇ ਪੀ ਦੇ ਜ਼ਿਲ੍ਹਾ ਪ੍ਰਧਾਨ ਗੌਰਵ ਖੁੱਲਰ , ਰਵਿੰਦਰ ਸਿੰਘ ਵਰਮਾ, ਭਾਰਤ ਭੂਸ਼ਨ ਸਿੰਗਲਾ, ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਪ੍ਰਧਾਨ ਜਿੰਦਰਪਾਲ ਧੀਮਾਨ, ਸਰਪ੍ਰਸਤ ਕਸ਼ਮੀਰੀ ਲਾਲ, ਡਾ: ਰਜਿੰਦਰ ਸ਼ਰਮਾ , ਗੁਰਪ੍ਰੀਤ ਸਿੰਘ , ਮੈਡਮ ਕਾਂਤਾ ਸਿੰਗਲਾ, ਕੰਚਨ ਗੁਪਤਾ, ਬਲਰਾਮ ਬਾਂਸਲ, ਵਿਨੋਦ ਬਾਂਸਲ, ਪ੍ਰਤਾਪ ਸਿੰਘ , ਮਨ ਨਾਹਰ ਆਦਿ ਮੌਜੂਦ ਰਹੇ।

ਸ਼੍ਰੀਰਾਮ ਸੁਪਰ 5-ਐੱਸਆਰ-05 ਅਤੇ 3-ਐੱਸਆਰ -72 ਕਣਕ ਦਾ ਬੀਜ ਬਣਿਆ ਕਿਸਾਨਾਂ ਦੀ ਪਹਿਲੀ ਪਸੰਦ

ਅੰਮ੍ਰਿਤਸਰ : ਪੰਜਾਬ ਦੇ ਕਿਸਾਨਾਂ ਨੇ ਦੱਸਿਆ ਕਿ ਸ਼੍ਰੀਰਾਮ ਫਾਰਮ ਸੋਲਿਊਸ਼ਨ ਵੱਲੋਂ ਪੇਸ਼ ਕੀਤੇ ਗਏ ਸ਼੍ਰੀਰਾਮ ਸੁਪਰ 5-ਐੱਸਆਰ-05 ਅਤੇ 3-ਐਸਆਰ -72 ਕਣਕ ਬੀਜ ਨਾਲ ਉਨ੍ਹਾਂ ਦੀ ਉਤਪਾਦਕਤਾ ਵਧੀ ਹੈ। ਲਾਚ ਦੇ ਬਾਅਦ ਤੋਂ ਹੀ ਸ਼੍ਰੀਰਾਮ ਸੁਪਰ 5-ਐਸਆਰ-05 ਅਤੇ 3-ਐੱਸਆਰ -72 ਕਣਕ ਬੀਜ ਇਨ੍ਹਾਂ ਦੀ ਅਨੁਕੂਲਨ ਸਮਰੱਥਾ ਅਤੇ ਸ਼ਾਨਦਾਰ ਉਤਪਾਦਕਤਾ ਦੇ ਚਲਦੇ ਪੰਜਾਬ ਦੇ ਕਿਸਾਨਾਂ ਵਿੱਚ ਕਾਫੀ ਮਸ਼ਹੂਰ ਹੋ ਰਹੇ ਹਨ।

ਜ਼ਿਆਦਾ ਤਾਪਮਾਨ ਅਤੇ ਪੀਲੀ ਰੱਤੂਆ ਦੇ ਪ੍ਰਤੀ ਸਹਿਣਸ਼ੀਲਤਾ, ਕੱਲਿਆਂ ਦੀ ਸੰਖਿਆ ਜ਼ਿਆਦਾ, ਵੱਡੇ ਸੁਨਹਿਰੀ ਦਾਣੇ, ਉਚਿਤ ਫਸਲ ਦੀ ਉਚਾਈ ਅਤੇ ਡਿੱਗਣ ਦੀ ਸਮੱਸਿਆ ਘੱਟ ਹੋਣ ਦੇ ਕਾਰਨ ਇਹ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਬਿਹਾਰ ਵਿੱਚ ਕਿਸਾਨਾਂ ਦੀ ਪਹਿਲੀ ਪਸੰਦ ਬਣ ਰਹੇ ਹਨ। ਰਾਜਵਿੰਦਰ ਸਿੰਘ, ਲੁਧਿਆਣਾ ਤੋਂ ਇੱਕ ਕਿਸਾਨ ਨੇ ਸ਼੍ਰੀਰਾਮ ਫਾਰਮ ਸੋਲਿਊਸ਼ਨ ਵੱਲੋਂ ਦਿੱਤੇ ਗਏ ਇੱਕ ਡੈਮੋ ਦੇਖਣ ਤੋਂ ਬਾਅਦ ਪਿਛਲੇ ਸਾਲ ਆਪਣੇ ਖੇਤ ਵਿੱਚ ਸ਼੍ਰੀਰਾਮ ਸੁਪਰ 5-ਐੱਸਆਰ-05 ਕਣਕ ਬੀਜ ਇਸਤੇਮਾਲ ਕੀਤਾ। ਹਰਿਆਣਾ ਤੋਂ ਕੁਰੂਕਸ਼ੇਤਰ ਦੇ ਕਿਸਾਨ ਗੁਰਨਾਮ ਸਿੰਘ ਨੇ ਪਿਛਲੇ ਸਾਲ ਨਵੀਂ ਕਿਸਮ ਸ਼੍ਰੀਰਾਮ ਸੁਪਰ 3-ਐੱਸਆਰ-72 ਦੀ ਬੁਆਈ ਕੀਤੀ ਸੀ ਅਤੇ ਉਹ ਇਸ ਦੇ ਬਿਹਤਰ ਸਿੱਟੇ ਨਾਲ ਕਾਫੀ ਸੰਤੁਸ਼ਟ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸ਼੍ਰੀਰਾਮ ਸੁਪਰ 3-ਐੱਸਆਰ-72 ਵਿੱਚ 14-15 ਕੱਲੇ ਅਤੇ ਪ੍ਰਤੀ ਬਾਲੀ 70-75 ਦਾਨੇ ਪਾਏ ਗਏ।

ਚੋਰੀ ਦੇ 2 ਮੋਟਰਸਾਈਕਲ ਤੇ ਇੱਕ ਚੇਨ ਸਮੇਤ ਗ੍ਰਿਫ਼ਤਾਰ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਪੁਲਸ ਨੇ ਗਸ਼ਤ ਅਤੇ ਛਾਪੇਮਾਰੀ ਦੌਰਾਨ ਇੱਕ ਵਿਅਕਤੀ ਨੂੰ ਚੋਰੀ ਦੇ ਦੋ ਮੋਟਰਸਾਈਕਲ ਸਮੇਤ ਅਤੇ ਇਕ ਚੈਨ ਨਕਲੀ ਸੋਨੇ ਦੀ ਸਮੇਤ ਗ੍ਰਿਫ਼ਤਾਰ ਕਰਕੇ ਉਸ ਖਿਲਾਫ 379-ਬੀ, 379, 411 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ।

ਏਐੱਸਆਈ ਬਲਦੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਿਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿਚ ਮੁਲਤਾਨੀ ਗੇਟ ਸਿਟੀ ਫਿਰੋਜ਼ਪੁਰ ਪਾਸ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਰਾਜੇ

21-NOV-PAGE-7.qxd 11/20/2022 9:58 PM Page 1

ਸ਼ਰਾਬ ਦਾ ਠੇਕਾ ਬੰਦ ਕਰਵਾਉਣ ਲਈ ਪਿੰਡ ਵਾਸੀਆਂ ਨੇ ਸ਼ਰਾਬ ਠੇਕੇਦਾਰਾਂ ਵਿਰੁੱਧ ਕੀਤੀ ਨਾਅਰੇਬਾਜ਼ੀ

ਧਨੌਲਾ (ਕਰਮਜੀਤ ਸਿੰਘ ਸਾਗਰ)- ਨੇੜਲੇ ਪਿੰਡ ਮਾਨਪਿੰਡੀ ਧਨੌਲਾ ਦੇ ਸਰਪੰਚ ਤੇ ਸਮੂਹ ਪੰਚਾਇਤ ਦੇ ਨਾਲ ਕਿਸਾਨ ਜਥੇਬੰਦੀ ਡਕੌਂਦਾ ਵੱਲੋਂ ਸ਼ਰਾਬ ਦੇ ਠੇਕੇਦਾਰਾਂ ਵੱਲੋਂ ਨਵਾਂ ਠੇਕਾ ਖੋਲ੍ਹਣ 'ਤੇ ਜੰਮ ਕੇ ਨਾਅਰੇਬਾਜ਼ੀ ਕੀਤੀ । ਮਾਨਾਂਪਿੰਡੀ ਦੇ ਸਰਪੰਚ ਪਰਮਦੀਪ ਸਿੰਘ ਪੰਮਾ,ਪੰਚ ਵਿਜੈ ਕੁਮਾਰ ਸੁਖਬੀਰ ਸਿੰਘ ਮਾਨ, ਪਰਧਾਨ ਗੁਰਦੀਪ ਸਿੰਘ ਮਾਨ, ਮੱਖਣ ਸਿੰਘ ਖਹਿਰਾ , ਗਮਦੂਰ ਸਿੰਘ ਮਾਨ, ਗੁਰਜੰਟ ਸਿੰਘ , ਬੁਗਰ ਸਿੰਘ , ਸਾਬਕਾ ਮੈਂਬਰ ਗੁਰਜੰਟ ਸਿੰਘ , ਬਿੰਦੂ ਸਿੰਘ, ਗੁਰਦੀਪ ਸਿੰਘ , ਜਗਤਾਰ ਸਿੰਘ ,ਗਗਨ ਸਿੱਧੂ , ਗੁਰਪਰੀਤ ਸਿੰਘ ਤੇ ਕਿਸਾਨ ਆਗੂਆਂ ਨੇ ਦੱਸਿਆ ਕਿ ਸ਼ਰਾਬ ਦੇ ਠੇਕੇਦਾਰਾਂ ਵੱਲੋਂ ਹਰ ਰੋਜ਼ ਆਪਣੀਆਂ ਮਨਮਰਜ਼ੀਆ ਕਰਦਿਆਂ ਕਾਨੂੰਨ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਹਰ ਰੋਜ਼ ਸ਼ਰਾਬ ਦੇ ਠੇਕੇਦਾਰਾਂ ਵੱਲੋਂ ਨਜਾਇਜ਼ ਤਰੀਕੇ ਨਾਲ ਬਜਾਜ ਅਤੇ ਸੂਦ ਗਰੁੱਪ ਵੱਲੋਂ ਧਨੌਲਾ ਦੇ ਮਾਨਾਂਪਿੰਡੀ ਵਿੱਚ ਨਜਾਇਜ਼ ਤਰੀਕੇ ਨਾਲ ਖੋਲ੍ਹੇ ਗਏ ਸ਼ਰਾਬ ਦੇ ਠੇਕੇ ਦਾ ਮਾਨਾਂਪਿੰਡੀ ਪੰਚਾਇਤ ਸਮੇਤ ਕਿਸਾਨ ਜਥੇਬੰਦੀਆਂ ਵੱਲੋਂ ਠੇਕੇ ਦਾ ਸ਼ਟਰ ਬੰਦ ਕਰਕੇ ਵਿਰੋਧ ਕੀਤਾ ਅਤੇ ਪ੍ਰਸ਼ਾਸਨ ਖਿਲਾਫ ਨਾਅਰੇਬਾਜ਼ੀ ਕੀਤੀ। ਸ਼ਰਾਬ ਦੀ ਦੁਕਾਨ ਬੰਦ ਕਰਵਾਉਣ ਆਏ ਸਰਪੰਚ ਪਰਮਦੀਪ ਸਿੰਘ ਪੰਮਾ, ਜਸਵੀਰ ਸਿੰਘ, ਗੁਰਦੀਪ ਸਿੰਘ ਵਿਜੈ ਕੁਮਾਰ, ਬਿੰਦੂ ਐਲਖ, ਸੁਖਦੇਵ ਸਿੰਘ ਮਿੱਠੂ ਸਾਬਕਾ ਸਰਪੰਚ , ਜਗਤਾਰ ਸਿੰਘ , ਬਹਾਦਰ ਸਿੰਘ , ਪ੍ਰਧਾਨ ਡਕੌਂਦਾ ਧਨੌਲਾ , ਵਾਇਸ ਪ੍ਰਧਾਨ ਗੁਰਜੰਟ ਸਿੰਘ ਡਕੌਂਦਾ ਨੇ ਕਿਹਾ ਕਿ ਸਰਕਾਰ ਦੀਆਂ ਹਦਾਇਤਾ ਨੂੰ ਛਿੱਕੇ ਟੰਗ ਕੇ ਸ਼ਰਾਬ ਦੇ ਠੇਕੇਦਾਰਾਂ ਵੱਲੋਂ ਹਾਈਵੇ ਦੇ ਉੱਪਰ ਚੌਕ ਵਿੱਚ ਸ਼ਰਾਬ ਦੀ ਦੁਕਾਨ ਖੋਲ੍ਹੀ ਗਈ ਹੈ, ਜੋ ਕਿ ਐਕਸਾਇਜ਼ ਵਿਭਾਗ ਦੀ ਮਿਲੀਭੁਗਤ ਸਦਕਾ ਠੇਕੇਦਾਰ ਆਪਣੀਆਂ ਮਨਮਰਜ਼ੀਆਂ ਕਰਦੇ ਹਨ।

ਉਨ੍ਹਾ ਕਿਹਾ ਕਿ ਮਾਨਾਂ ਪਿੰਡੀ ਵਿੱਚ ਅੱਜ ਤੱਕ ਕੋਈ ਵੀ ਠੇਕਾ ਨਹੀ ਖੁੱਲ੍ਹਿਆ ਸੀ, ਪਰ ਸੂਦ ਅਤੇ ਬਜਾਜ ਗਰੁੱਪ ਵੱਲੋਂ ਸ਼ਰੇਆਮ ਧੱਕੇ ਨਾਲ ਖੋਲ੍ਹਿਆ ਗਿਆ ਹੈ, ਜਿਸ ਨੂੰ ਕਿਸੇ ਵੀ ਹਾਲਤ ਵਿੱਚ ਖੁੱਲ੍ਹਣ ਨਹੀਂ ਦਿੱਤਾ ਜਾਵੇਗਾ। ਉਨ੍ਹਾ ਨਾਅਰੇਬਾਜ਼ੀ ਕਰਦੇ ਹੋਏ ਕਿਹਾ ਕਿ ਸਾਡੇ ਵਲੋਂ ਐਕਸਾਇਜ਼ ਵਿਭਾਗ ਤੋਂ ਦੁਕਾਨ ਖੋਲ੍ਹਣ ਦਾ ਕਾਰਨ ਪੁੱਛਿਆ ਤਾਂ ਉਨ੍ਹਾ ਦੁਕਾਨ ਖੋਲ੍ਹੇ ਜਾਣ ਤੋਂ ਅਣਜਾਣਤਾ ਪ੍ਰਗਟਾਈ, ਜਿਸ ਤੋਂ ਬਾਅਦ ਅਸੀਂ ਦੁਕਾਨ ਦਾ ਸ਼ਟਰ ਬੰਦ ਕਰ ਦਿੱਤਾ ਹੈ। ਜੇਕਰ ਠੇਕੇਦਾਰਾਂ ਨੇ ਦੁਬਾਰਾ ਸ਼ਰਾਬ ਦੀ ਦੁਕਾਨ ਖੋਲ੍ਹਣ ਦੀ ਕੋਸ਼ਿਸ਼ ਕੀਤੀ ਤਾਂ ਕਿਸਾਨ ਜਥੇਬੰਦੀਆਂ ਦੀ ਮਦਦ ਨਾਲ ਪੱਕਾ ਧਰਨਾ ਲਾ ਦਿੱਤਾ ਜਾਵੇਗਾ, ਜਦੋਂ ਇਸ ਸੰਬੰਧੀ ਸ਼ਰਾਬ ਦੇ ਠੇਕੇਦਾਰ ਸਚਿਨ ਨਾਲ ਗੱਲਬਾਤ ਕਰਨੀ ਚਾਹੀ ਤਾਂ ਉਨ੍ਹਾ ਨੇ ਫੋਨ ਨਹੀਂ ਚੱਕਿਆ।

ਸੰਯੁਕਤ ਕਿਸਾਨ ਮੋਰਚੇ ਵੱਲੋਂ ਫਤਿਹ ਦਿਵਸ ਮੌਕੇ ਭਾਰਤ ਭਰ ਦੇ ਕਿਰਤੀ ਲੋਕਾਂ ਨੂੰ ਦੀਪਮਾਲਾ ਕਰਨ ਦਾ ਸੱਦਾ

ਮਾਨਸਾ (ਆਤਮਾ ਸਿੰਘ ਪਮਾਰ) ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਅੱਜ ਭਾਰਤ ਭਰ ਵਿੱਚ ਫਤਿਹ ਦਿਵਸ ਮਨਾਇਆ ਜਾ ਰਿਹਾ ਹੈ । ਅੱਜ ਦੇ ਦਿਨ ਪਿਛਲੇ ਸਾਲ 19 ਨਵੰਬਰ ਨੂੰ ਦਿੱਲੀ ਦੀਆਂ ਬਰੂਹਾਂ 'ਤੇ ਹਰ ਵਰਗ ਦੇ ਸਹਿਯੋਗ ਨਾਲ ਲੜੇ ਗਏ ਵਿਸ਼ਵ ਪੱਧਰੀ ਸ਼ਾਂਤਮਈ , ਅਨੁਸ਼ਾਸਨਬੱਧ ਅੰਦੋਲਨ ਦੀ ਜਿੱਤ ਹੋਈ ਸੀ ਜਦੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਸਾਨ ਅੰਦੋਲਨ ਅੱਗੇ ਗੋਡੇ ਟੇਕਦਿਆਂ ਕਿਸਾਨ ਵਿਰੋਧੀ ਲੋਕ ਮਾਰੂ ਤਿੰਨੇ ਕਾਲੇ ਕਾਨੂੰਨ ਵਾਪਸ ਲੈਣ ਦਾ ਐਲਾਨ ਕੀਤਾ ਸੀ ਅਤੇ ਬਾਕੀ ਰਹਿੰਦੀਆਂ ਮੰਗਾਂ 'ਤੇ ਸਹਿਮਤੀ ਜਤਾਉਂਦਿਆਂ ਜਲਦੀ ਪੂਰਾ ਕਰਨ ਦਾ ਭਰੋਸਾ ਵੀ ਦਿੱਤਾ ਸੀ । ਇਸ ਅੰਦੋਲਨ ਵਿੱਚ ਲੱਗਭੱਗ 750 ਦੇ ਕਰੀਬ ਕੀਮਤੀ ਜਾਨਾਂ ਤੋਂ ਸਾਨੂੰ ਹੱਥ ਧੋਣ ਤੋਂ ਇਲਾਵਾ ਵੱਡਾ ਆਰਥਿਕ, ਸਰੀਰਕ ਅਤੇ ਮਾਨਸਿਕ ਤਸ਼ੱਦਦ ਸਹਿਣ ਤੋਂ ਬਾਅਦ ਫਤਿਹ ਪ੍ਰਾਪਤ ਹੋਈ ਸੀ । ਅੱਜ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਜ਼ਿਲ੍ਹਾ ਮਾਨਸਾ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਸੇਵਾ ਸਿੰਘ ਠੀਕਰੀਵਾਲਾ ਦੇ ਬੁੱਤ ਤੱਕ ਅਕਾਸ਼ ਗੁੰਜਾਊ ਨਾਹਰਿਆਂ ਨਾਲ ਮਸ਼ਾਲ ਮਾਰਚ ਕਰਕੇ ਫਤਿਹ ਦਿਵਸ ਮਨਾਇਆ ਅਤੇ ਸਮੁੱਚੇ ਭਾਰਤ ਦੇ ਲੋਕਾਂ ਨੂੰ ਸੰਗਰਾਮੀ ਮੁਬਾਰਕਾਂ ਦਿੰਦਿਆਂ ਦੀਪਮਾਲਾ ਕਰਨ ਦਾ ਸੱਦਾ ਵੀ ਦਿੱਤਾ। ਇਸ

ਸਮੇਂ ਮੌਜੂਦ ਆਗੂਆਂ ਹਰਦੇਵ ਸਿੰਘ ਕੋਟ ਧਰਮੂ, ਦਰਸ਼ਨ ਸਿੰਘ ਜਟਾਨਾ, ਅਮਰੀਕ ਸਿੰਘ ਫਫੜੇ, ਭਜਨ ਸਿੰਘ ਘੁੰਮਣ, ਰੂਪ ਸਿੰਘ ਢਿੱਲੋਂ, ਸੁਖਵਿੰਦਰ ਸਿੰਘ ਸੱਦਾ ਸਿੰਘ ਵਾਲਾ, ਹਰਜਿੰਦਰ ਸਿੰਘ ਮਾਨਸ਼ਾਹੀਆ, ਡਾ. ਧੰਨਾ ਮੱਲ ਗੋਇਲ ਆਦਿ ਆਗੂਆਂ ਨੇ ਸੰਯੁਕਤ ਕਿਸਾਨ ਮੋਰਚੇ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਕਿਹਾ ਕਿ ਅੰਦੋਲਨ ਦੀ ਜਿੱਤ ਹਰ ਵਰਗ , ਜਾਤ , ਧਰਮ, ਮਜ਼ਹਬ ਦੇ ਲੋਕਾਂ ਦੇ ਸਹਿਯੋਗ ਨਾਲ ਹੋਈ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਰਹਿੰਦੀਆਂ ਮੰਗਾਂ ਪੂਰੀਆਂ ਕਰਵਾਉਣ ਅਤੇ ਬੇਰੁਜ਼ਗਾਰੀ, ਲੱਕਤੋੜਵੀਂ ਮਹਿੰਗਾਈ ਆਦਿ ਖਿਲਾਫ ਲੋਕ ਪੱਖੀ ਅੰਦੋਲਨ ਨਿਰੰਤਰ ਜਾਰੀ ਰਹਿਣਗੇ । ਇਸ ਮੌਕੇ ਹਾਜ਼ਰ ਆਗੂਆਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਲਈ ਹਰ ਯਤਨ ਜਾਰੀ ਰਹਿਣਗੇ। ਭਾਈਚਾਰਕ ਸਾਂਝ ਨੂੰ ਤੋੜਨ ਦਾ ਯਤਨ ਕਰਨ ਵਾਲਿਆਂ ਨਾਲ ਸੰਯੁਕਤ ਕਿਸਾਨ ਮੋਰਚੇ ਦਾ ਕੋਈ ਸੰਬੰਧ ਨਹੀਂ, ਮੋਰਚਾ ਇਸ ਅੰਦੋਲਨ ਵਿਚ ਸਾਥ ਦੇਣ ਵਾਲੇ ਹਰ ਵਰਗ ਦਾ ਸਤਿਕਾਰ ਅਤੇ ਧੰਨਵਾਦ ਕਰਦਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਪੂਰਨ ਹਮਾਇਤ ਦੀ ਉਮੀਦ ਵੀ ਰੱਖਦਾ ਹੈ ਇਸ ਸਮੇਂ ਕਿਸਾਨ ਆਗੂ ਗੁਰਨਾਮ ਭੀਖੀ ਤੇਜਾ ਸਿੰਘ ਚਕੇਰੀਆ, ਮਹਿੰਦਰ ਸਿੰਘ ਭੈਣੀਬਾਘਾ, ਪਰਸ਼ੋਤਮ ਸਿੰਘ ਗਿੱਲ , ਗੁਰਜੰਟ ਸਿੰਘ ਮਾਨਸਾ, ਕ੍ਰਿਸ਼ਨ ਚੌਹਾਨ, ਜਰਨੈਲ ਸਿੰਘ ਸਤੀਕੇ, ਤੇਜ ਸਿੰਘ ਚਕੇਰੀਆਂ, ਮਾਸਟਰ ਸੁਖਦੇਵ ਸਿੰਘ ਅਤਲਾ, ਰਤਨ ਭੋਲਾ, ਨਿਰਮਲ ਸਿੰਘ ਝੰਡੂਕੇ, ਰਾਜ ਸਿੰਘ, ਸਵਰਨ ਸਿੰਘ ਬੋੜਾਵਾਲ, ਸੁਖਚਰਨ ਦਾਨੇਵਾਲੀਆ, ਇਕਬਾਲ ਮਾਨਸਾ, ਨਰਿੰਦਰ ਕੌਰ ਬੁਰਜ ਹਮੀਰਾ ਆਦਿ ਵੱਡੀ ਗਿਣਤੀ ਵਿੱਚ ਕਿਸਾਨ , ਮਜ਼ਦੂਰ ਅਤੇ ਭਰਾਤਰੀ ਜਥੇਬੰਦੀਆਂ ਦੇ ਆਗੂ ਅਤੇ ਕਾਰਕੁਨ ਸ਼ਾਮਲ ਸਨ । ਇਨਕਲਾਬੀ ਗਾਇਕ ਅਜਮੇਰ ਅਕਲੀਆ ਅਤੇ ਨਾਤਾ ਸਿੰਘ ਫਫੜੇ ਨੇ ਇਨਕਲਾਬੀ ਗੀਤ ਪੇਸ਼ ਕੀਤੇ ਅਤੇ ਸਟੇਜ ਦੀ ਕਾਰਵਾਈ ਮੇਜਰ ਸਿੰਘ ਦੂਲੋਵਾਲ ਨੇ ਬਾਖੂਬੀ ਨਿਭਾਈ।

ਕਾਤਰਾਂ

ਸਰਕਾਰੀ ਪ੍ਰਾਇਮਰੀ ਸਕੂਲ ਦੇ ਵਿਦਿਆਰਥੀ ਨੂੰ ਕੁਸ਼ਤੀ 'ਚ ਪਹਿਲਾ ਸਥਾਨ

ਬਰੇਟਾ (ਗੀਤਵਾਲ) ਸਿੱਖਿਆ ਵਿਭਾਗ ਪੰਜਾਬ ਵੱਲੋਂ ਕਰਵਾਈਆਂ ਜਾ ਰਹੀਆਂ ਜਿਲਾ ਪੱਧਰੀ ਖੇਡਾਂ ਵਿੱਚ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ (ਅ.ਜ) ਬਰੇਟਾ ਦੇ ਵਿਦਿਆਰਥੀ ਅਰਸ਼ਦੀਪ ਸਿੰਘ ਨੇ ਕੁਸ਼ਤੀ ਵਰਗ 25 ਕਿਲੋ ਵਿੱਚ ਜ਼ਿਲ੍ਹਾ ਪੱਧਰ 'ਤੇ ਪਹਿਲਾ ਸਥਾਨ ਹਾਸਲ ਕੀਤਾ ਹੈ। ਇਹ ਜਾਣਕਾਰੀ ਦਿੰਦਿਆਂ ਸਕੂਲ ਦੇ ਮੁੱਖ ਅਧਿਆਪਕ ਨਿਸ਼ਾ ਰਾਣੀ ਨੇ ਦੱਸਿਆ ਕਿ ਇਸ ਵਿਦਿਆਰਥੀ ਨੇ ਟੂਰਨਾਮੈਂਟ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਇਸ ਮੌਕੇ ਸਕੂਲ ਪੁੱਜਣ 'ਤੇ ਵਿਦਿਆਰਥੀ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ ਤੇ ਢੋਲ ਵਜਾ ਕੇ ਲੱਡੂ ਵੰਡੇ ਗਏ। ਇਸ ਮੌਕੇ ਸੈਂਟਰ ਹੈਡ ਟੀਚਰ ਰਾਜਪਾਲ ਕੌਰ, ਐਸ ਐਮ ਸੀ ਕਮੇਟੀ ਅਤੇ ਡਾ. ਅੰਬੇਦਕਰ ਕਲੱਬ ਦੇ ਮੈਂਬਰ ਹਾਜ਼ਰ ਸਨ।

ਅਫ਼ੀਮ ਅਤੇ ਭੁੱਕੀ ਸਮੇਤ ਟਰਾਲਾ ਚਾਲਕ ਕਾਬੂ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) -ਸੀ.ਆਈ.ਏ. ਸਟਾਫ ਸਰਹਿੰਦ ਵੱਲੋਂ ਇੱਕ ਟਰਾਲਾ ਚਾਲਕ ਦੇ ਕਬਜ਼ੇ 'ਚੋਂ 15 ਕਿੱਲੋ ਭੁੱਕੀ ਅਤੇ 250 ਗ੍ਰਾਮ ਅਫ਼ੀਮ ਬਰਾਮਦ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਹੈ। ਪੁਲਸ ਵੱਲੋਂ ਕੀਤੇ ਗਏ ਦਾਅਵੇ ਅਨੁਸਾਰ ਸੀ.ਆਈ.ਏ. ਸਟਾਫ ਸਰਹਿੰਦ ਨੂੰ ਮੁਖਬਰੀ ਮਿਲੀ ਸੀ ਕਿ ਕਥਿਤ ਵਿਅਕਤੀ ਮਨਮੋਹਨ ਸਿੰਘ ਵਾਸੀ ਪਿੰਡ ਮੋਹੀ (ਲੁਧਿਆਣਾ) ਟਰਾਲਾ 'ਚ ਬਾਹਰਲੇ ਰਾਜਾਂ ਤੋਂ ਭੁੱਕੀ ਤੇ ਅਫ਼ੀਮ ਲਿਆ ਕੇ ਪੰਜਾਬ 'ਚ ਸਪਲਾਈ ਕਰਦਾ ਹੈ, ਜੋ ਇਸ ਸਮੇਂ ਰਾਜਪੁਰਾ ਤੋਂ ਮੰਡੀ ਗੋਬਿੰਦਗੜ੍ਹ ਵੱਲ ਨੂੰ ਟਰਾਲਾ ਲੈ ਕੇ ਆ ਰਿਹਾ ਹੈ, ਜਿਸ 'ਤੇ ਸੀ.ਆਈ.ਏ. ਸਟਾਫ ਦੀ ਟੀਮ ਨੇ ਜੀ.ਟੀ. ਰੋਡ 'ਤੇ ਨਾਕਾਬੰਦੀ ਕਰਦਿਆਂ ਟਰਾਲਾ ਨੰਬਰ ਪੀ.ਬੀ.10.ਜੀ.ਡਬਲਿਊ-7717 ਨੂੰ ਰੋਕਿਆ, ਜਿਸ ਉਪਰੰਤ ਥਾਣੇਦਾਰ ਗੁਰਮੀਤ ਕੁਮਾਰ ਵੱਲੋਂ ਲਈ ਗਈ ਤਲਾਸ਼ੀ ਦੌਰਾਨ ਮਨਮੋਹਨ ਸਿੰਘ ਦੇ ਕਬਜ਼ੇ 'ਚੋਂ 15 ਕਿੱਲੋ ਭੁੱਕੀ ਅਤੇ 250 ਗ੍ਰਾਮ ਅਫ਼ੀਮ ਬਰਾਮਦ ਹੋਣ 'ਤੇ ਉਸਨੂੰ 15, 18ਬੀ/61/85 ਐਨ.ਡੀ.ਪੀ.ਐਸ. ਐਕਟ ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ।

ਕਿੰਡਰ ਗਾਰਟਨ ਤੇ ਸੀ: ਸੈਕੰ: ਸਕੂਲ 'ਚ ਪ੍ਰਕਾਸ਼ ਪੁਰਬ ਮਨਾਇਆ

ਸਮਰਾਲਾ, (ਸੁਰਜੀਤ ਸਿੰਘ) ਧੰਨ-ਧੰਨ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਯਾਦ ਕਰਦੇ ਹੋਏ ਸਕੂਲ ਵਿੱਚ ਬੱਚਿਆਂ ਅਤੇ ਸਟਾਫ ਦੇ ਸਹਿਯੋਗ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ। ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦਾ ਭੋਗ ਪਾਇਆ ਗਿਆ । ਇਸ ਉਪਰੰਤ ਬੱਚਿਆਂ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਸਿਧਾਂਤਾਂ ਸੰਬੰਧੀ ਕਵਿਤਾਵਾਂ ਸੁਣਾਈਆਂ ਅਤੇ ਬੱਚਿਆਂ ਦੁਆਰਾ 'ਸ਼ਬਦ ਕੀਰਤਨ' ਮੂਲਮੰਤਰ ਅਤੇ ਸਤਿਨਾਮ ਸ੍ਰੀ ਵਾਹਿਗੁਰੂ ਜੀ ਦਾ ਜਾਪ ਕੀਤਾ, ਚਿੱਟੀਆਂ ਪੂਣੀਆਂ ਤੰਦ ਲੈਣ ਹੁਲਾਰੇ , ਆਰ ਨਾਨਕ ਪਾਰ ਨਾਨਕ,ਭੈਣ ਨਾਨਕੀ ਕਹੇ ਵੀਰ ਦਾ ਨਾਨਕ ਰੱਖਣਾ ਨਾਂ, 300 ਸਾਲ ਗੁਰੂ ਦੇ ਨਾਲ , ਮੇਰਾ ਬਾਬਾ ਨਾਨਕ ਆਦਿ ਸ਼ਬਦ ਗਾਏ ਗਏ। ਇਸ ਮੌਕੇ ਸਕੂਲ ਦੇ ਚੇਅਰਮੈਨ ਦਲਜੀਤ ਸਿੰਘ ਸ਼ਾਹੀ , ਸਕੱਤਰ ਕਮਲਜੀਤ ਸਿੰਘ ਸ਼ਾਹੀ , ਸਕੂਲ ਮੁਖੀ ਰਣਜੋਤ ਕੌਰ ਅਤੇ ਡਾਇਰੈਕਟਰ ਸਰਬਜੀਤ ਕੌਰ ਨੇ ਸਾਰਿਆਂ ਨੂੰ ਇਸ ਪਵਿੱਤਰ ਪ੍ਰਕਾਸ਼ ਪੁਰਬ ਦੀਆਂ ਲੱਖ ਲੱਖ ਵਧਾਈਆਂ ਦਿੱਤੀਆਂ।

ਡੀ ਟੀ ਐੱਫ ਦੇ ਸੁਖਪਾਲਜੀਤ ਸਿੰਘ ਬਣੇ ਜ਼ਿਲ੍ਹਾ ਪ੍ਰਧਾਨ ਤੇ ਜਗਵੀਰਨ ਕੌਰ ਜ਼ਿਲ੍ਹਾ ਸਕੱਤਰ

ਮੋਗਾ (ਅਮਰਜੀਤ ਬੱਬਰੀ)- ਡੈਮੋਕ੍ਰੇਟਿਕ ਟੀਚਰਜ਼ ਫਰੰਟ ਮੋਗਾ ਦੀ ਜ਼ਿਲ੍ਹਾ ਪ੍ਰਤੀਨਿਧ ਕੌਂਸਲ ਦਾ ਚੋਣ ਇਜਲਾਸ ਭੁਪਿੰਦਰਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਹੋਇਆ, ਜਿਸ ਵਿੱਚ 74 ਮੈਂਬਰੀ ਜ਼ਿਲ੍ਹਾ ਪ੍ਰਤੀਨਿਧ ਕੌਂਸਲ ਦੇ ਮੈਂਬਰਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਜਥੇਬੰਦੀ ਦੇ ਮੈਂਬਰ ਵੀ ਹਾਜ਼ਰ ਹੋਏ । ਜ਼ਿਲ੍ਹਾ ਸਕੱਤਰ ਜਗਵੀਰਨ ਕੌਰ ਨੇ ਦੱਸਿਆ ਕਿ ਇਜਲਾਸ ਦੀ ਪ੍ਰਧਾਨਗੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇਪਾਲ ਸ਼ਰਮਾ, ਜ਼ਿਲ੍ਹਾ ਪ੍ਰਧਾਨ ਅਮਨਦੀਪ ਮਟਵਾਣੀ, ਸਾਬਕਾ ਡੀ.ਟੀ.ਐੱਫ. ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਮੀਨੀਆਂ, ਸਾਬਕਾ ਜ਼ਿਲ੍ਹਾ ਸਕੱਤਰ ਸੁਰਿੰਦਰ ਰਾਮ ਕੁੱਸਾ ਅਤੇ ਸਾਬਕਾ ਜ਼ਿਲ੍ਹਾ ਵਿੱਤ ਸਕੱਤਰ ਪ੍ਰੇਮ ਕੁਮਾਰ ਨੇ ਕੀਤੀ। ਇਜਲਾਸ ਦੀ ਕਾਰਵਾਈ ਦਾ ਆਗਾਜ਼ ਕਰਦਿਆਂ ਅਮਨਦੀਪ ਮਾਛੀਕੇ ਨੇ ਜਥੇਬੰਦੀ ਦੇ ਵਿਧਾਨ ਚਾਨਣਾ ਪਾਇਆ। ਜਗਵੀਰਨ ਕੌਰ ਨੇ ਜਥੇਬੰਦੀ ਦੀ ਕਾਰਗੁਜ਼ਾਰੀ ਰਿਪੋਰਟ ਪੇਸ਼ ਕੀਤੀ, ਜਿਸ 'ਤੇ ਹਾਊਸ ਵੱਲੋਂ ਖੁੱਲ੍ਹੀ ਵਿਚਾਰ ਚਰਚਾ ਕੀਤੀ ਗਈ। ਕਾਰਗੁਜ਼ਾਰੀ ਰਿਪੋਰਟ 'ਤੇ ਮੁੱਖ ਰੂਪ ਵਿੱਚ ਦਿਗਵਿਜੇਪਾਲ ਸ਼ਰਮਾ, ਅਮਨਦੀਪ ਮਟਵਾਣੀ, ਸੁਖਪਾਲਜੀਤ ਸਿੰਘ ਤੇ ਸੁਖਵਿੰਦਰ ਘੋਲੀਆ ਨੇ ਵਿਸਥਾਰਤ ਚਰਚਾ ਕੀਤੀ। ਪ੍ਰੇਮ ਕੁਮਾਰ ਵੱਲੋਂ ਇਨਕਲਾਬੀ ਗੀਤ ਪੇਸ਼ ਕੀਤਾ ਗਿਆ।

ਇਸ ਉਪਰੰਤ ਜ਼ਿਲ੍ਹਾ ਪ੍ਰਧਾਨ ਤੇ ਜ਼ਿਲ੍ਹਾ ਸਕੱਤਰ ਦੀ ਚੋਣ ਪ੍ਰਕਿਰਿਆ ਸ਼ੁਰੂ ਕੀਤੀ। ਜ਼ਿਲ੍ਹਾ ਪ੍ਰਧਾਨ ਦੀ ਚੋਣ ਲਈ ਸਾਬਕਾ ਜ਼ਿਲ੍ਹਾ ਪ੍ਰਧਾਨ ਅਮਨਦੀਪ ਮਟਵਾਣੀ ਵੱਲੋਂ ਸੁਖਪਾਲਜੀਤ ਸਿੰਘ ਦਾ ਨਾਂਅ ਪੇਸ਼ ਕੀਤਾ ਗਿਆ, ਜਿਸਦੀ ਤਾਈਦ ਸਵਰਨਦਾਸ ਚੀਮਾ

ਵੱਲੋਂ ਕੀਤੀ ਗਈ। ਜ਼ਿਲ੍ਹਾ ਸਕੱਤਰ ਲਈ ਸੁਖਵਿੰਦਰ ਘੋਲੀਆ ਨੇ ਜਗਵੀਰਨ ਕੌਰ ਦਾ ਨਾਂਅ ਪੇਸ਼ ਕੀਤਾ, ਜਿਸਦੀ ਤਾਈਦ ਅਮਰਦੀਪ ਬੁੱਟਰ ਨੇ ਕੀਤੀ। ਦੋਹਾਂ ਅਹੁੱਦੇਦਾਰਾਂ ਨੂੰ ਸਮੁੱਚੀ ਕੌਂਸਲ ਵੱਲੋਂ ਨਿਰਵਿਰੋਧ ਚੁਣਿਆ ਗਿਆ। ਯਾਦ ਰਹੇ ਕਿ ਵਿਧਾਨਕ ਤੌਰ 'ਤੇ ਬਲਾਕਾਂ ਦੇ ਪ੍ਰਧਾਨ ਤੇ ਸਕੱਤਰ ਜ਼ਿਲ੍ਹਾ ਕਮੇਟੀ ਦੇ ਮੈਂਬਰ ਹੁੰਦੇ ਹਨ। ਇਸ ਲਈ ਉਕਤ ਚੋਣ ਉਪਰੰਤ ਜ਼ਿਲ੍ਹਾ ਕਮੇਟੀ ਮੈਂਬਰਾਂ ਨੇ ਆਪਣੇ ਵਿੱਚੋਂ ਬਾਕੀ ਪੰਜ ਅਹੁਦੇਦਾਰਾਂ ਵਜੋਂ ਸੁਖਵਿੰਦਰ ਸਿੰਘ ਘੋਲੀਆ ਨੂੰ ਸੀਨੀਅਰ ਮੀਤ ਪ੍ਰਧਾਨ, ਸਵਰਨਦਾਸ ਨੂੰ ਮੀਤ ਪ੍ਰ

21-Nov-PAGE-8.qxd 11/20/2022 10:13 PM Page 1

ਲਾਇਲਪੁਰ ਖ਼ਾਲਸਾ ਕਾਲਜ ਨੇ ਯੁਵਕ ਮੇਲੇ 'ਚੋਂ ਜਿੱਤੀ ਫਸਟ ਰਨਰਅਪ ਟਰਾਫੀ

ਜਲੰਧਰ (ਸ਼ੈਲੀ ਐਲਬਰਟ)

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਅਕਾਦਮਿਕ ਖੋਜ ਅਤੇ ਖੇਡਾਂ ਦੇ ਖੇਤਰ ਵਿੱਚ ਪ੍ਰਾਪਤੀਆਂ ਦੇ ਨਾਲ-ਨਾਲ ਕਲਚਰਲ ਖੇਤਰ ਵਿੱਚ ਵੀ ਮੱਲਾਂ ਮਾਰ ਰਿਹਾ ਹੈ । ਕਲਚਰਲ ਖੇਤਰ ਵਿੱਚ ਪ੍ਰਾਪਤੀਆਂ ਦਾ ਸਿਲਸਿਲਾ ਜਾਰੀ ਰੱਖਦਿਆਂ ਕਾਲਜ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਯੁਵਕ ਮੇਲੇ ਦੇ 'ਸੀ' ਜ਼ੋਨ ਦੀ ਫਸਟ ਰੱਨਰਅਪ ਟ੍ਰਾਫ਼ੀ ਜਿੱਤ ਕੇ ਇਕ ਰਿਕਾਰਡ ਕਾਇਮ ਕੀਤਾ ਹੈ । ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਹੋਏ ਇਸ ਯੁਵਕ ਮੇਲੇ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਲ ਸੰਬੰਧਤ ਜ਼ਿਲ੍ਹਾ ਜਲੰਧਰ ਦੇ 16 ਕਾਲਜਾਂ ਨੇ ਭਾਗ ਲਿਆ।

ਜਿਸ ਵਿੱਚ ਕਾਲਜ ਨੇ ਯੂਨੀਵਰਸਿਟੀ ਦੁਆਰਾ ਕਰਵਾਏ ਜਾਂਦੇ 36 ਈਵੈਂਟ ਦੇ ਮੁਕਾਬਲਿਆਂ ਵਿੱਚ ਭਾਗ ਲੈਂਦਿਆਂ 112 ਅੰਕ ਪ੍ਰਾਪਤ ਕਰਕੇ ਇਹ ਟ੍ਰਾਫ਼ੀ ਜਿੱਤੀ ਹੈ । ਪ੍ਰਿੰਸੀਪਲ ਡਾ. ਗੁਰਪਿੰਦਰ ਸਿੰਘ ਸਮਰਾ ਨੇ ਦੱਸਿਆ ਕਿ ਲਾਇਲਪੁਰ ਖ਼ਾਲਸਾ ਕਾਲਜ ਨੇ 07 ਆਈਟਮਾਂ ਵਿੱਚ ਪਹਿਲਾ ਸਥਾਨ, 16 ਵਿੱਚ ਦੂਜਾ ਸਥਾਨ ਅਤੇ 05 ਵਿੱਚ ਤੀਜਾ ਸਥਾਨ ਪ੍ਰਾਪਤ ਕਰਕੇ ਇਹ ਟ੍ਰਾਫੀ ਆਪਣੇ ਨਾਂਅ ਕੀਤੀ ਹੈ।। ਉਹਨਾਂ ਦੱਸਿਆ ਕਿ ਸਾਰੀਆਂ ਟੀਮਾਂ ਦੇ ਅਧਿਆਪਕ ਇੰਚਾਰਜ ਸਾਹਿਬਾਨ ਅਤੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਅਤੇ ਲਗਨ ਸਦਕਾ ਹੀ ਸੰਭਵ ਹੋ ਸਕਿਆ ਹੈ। ਉਹਨਾਂ ਕਿਹਾ ਕਿ ਕਾਲਜ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਮਿਹਨਤ ਤੇ ਲਗਨ ਦੀ ਹਮੇਸ਼ਾਂ ਸ਼ਲਾਘਾ ਕਰਦਾ ਹੈ ਤੇ ਉਹਨਾਂ ਦੇ ਹਰ ਪੱਖੋਂ ਵਿਕਾਸ ਲਈ ਵਚਨਬਧ ਹੈ। ਕਾਲਜ ਦੁਆਰਾ ਆਈਟਮ ਵਾਰ ਦਰਜ ਕੀਤੀਆਂ ਜਿੱਤਾਂ:- ਪਹਿਲਾ ਸਥਾਨ:- ਭੰਗੜਾ, ਫੋਕ ਸੌਂਗ, ਕਵਿਸ਼ਰੀ, ਕਲਾਸੀਕਲ ਇੰਸਟਰੂਮੈਂਟ (ਪ੍ਰਕਸ਼ਨ), ਕਾਸਟਿਅਮ ਪਰੇਡ, ਗੀਤ/ਗਜ਼ਲ ਅਤੇ ਲੁੱਡੀ। ਦੂਜਾ ਸਥਾਨ:- ਕਲੇ ਮਾਡਲਿੰਗ, ਕਾਰਟੂਨਿੰਗ, ਕਲਾਸੀਕਲ ਮਿਊਜ਼ਿਕ ਵੋਕਲ ਸੋਲੋ, ਵਾਰ ਸਿੰਗਿੰਗ, ਫੋਕ-ਆਰਕੈਸਟਰਾ, ਕਲਾਸੀਕਲ ਇੰਸਟਰੂਮੈਂਟ ਸੋਲੋ, ਵੈਸਟਰਨ (ਨਾਨ-ਪ੍ਰਕਸ਼ਨ), ਮਾਈਮ, ਵੈਸਟਰਨ ਇੰਟਰੂਮੈਂਟ ਸੋਲੋ, ਵੈਸਟਰਨ ਵੋਕਲ ਸੋਲੋ, ਵੈਸਟਰਨ ਗਰੁੱਪ ਸੌਂਗ, ਗਰੁੱਪ ਸ਼ਬਦ, ਗਰੁੱਪ ਸੌਂਗ, ਵਨ ਐਕਟ ਪਲੇ, ਪੋਇਟੀਕਲ ਸੰਪੋਸੀਅਮ, ਐਲੋਕਿਊਸ਼ਨ, ਕਲਾਸੀਕਲ ਡਾਂਸ। ਤੀਜਾ ਸਥਾਨ:- ਇੰਟਾਲੇਸ਼ਨ, ਕੋਲਾਜ਼, ਮਿਮੀਕਰੀ, ਰੰਗੋਲੀ, ਸਕਿੱਟ। ਪ੍ਰਿੰਸੀਪਲ ਡਾ. ਗੁਰਪਿੰਦਰ ਸਿੰਘ ਸਮਰਾ ਨੇ ਡਾ. ਪਲਵਿੰਦਰ ਸਿੰਘ ਡੀਨ, ਕਲਚਰਲ ਅਫੇਅਰਜ਼, ਸਮੂਹ ਟੀਮ ਇੰਚਾਰਜਾਂ, ਸਟਾਫ ਮੈਂਬਰ ਸਾਹਿਬਾਨ ਅਤੇ ਵਿਦਿਆਰਥੀਆਂ ਨੂੰ ਯੁਵਕ ਮੇਲੇ ਦੀ ਟ੍ਰਾਫੀ ਜਿੱਤਣ ਦੀ ਵਧਾਈ ਦਿੱਤੀ ਅਤੇ ਲਗਾਤਾਰ ਸਖਤ ਮਿਹਨਤ ਕਰਦਿਆਂ ਜਿੱਤਾਂ ਦਾ ਸਫ਼ਰ ਜਾਰੀ ਰੱਖਣ ਲਈ ਕਿਹਾ। ਉਨ੍ਹਾਂ ਕਿਹਾ ਕਿ ਮਿਤੀ 19 ਤੋਂ 21 ਨਵੰਬਰ 2022 ਨੂੰ ਵਿਚ ਹੋਣ ਵਾਲੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਇੰਟਰ-ਜੋਨਲ ਯੁਵਕ ਮੇਲੇ ਵਿੱਚ ਵੀ ਕਾਲਜ ਦੇ ਵਿਦਿਆਰਥੀ ਕਲਾਕਾਰ ਆਪਣਾ ਸਰਵ ਸ੍ਰੇਸ਼ਠ ਪ੍ਰਦਰਸ਼ਨ ਕਰਨ ਲਈ ਤਿਆਰ ਹਨ । ਡਾ. ਸਮਰਾ ਨੇ ਕਿਹਾ ਕਿ ਸਰਦਾਰਨੀ ਬਲਬੀਰ ਕੌਰ, ਪ੍ਰਧਾਨ ਕਾਲਜ ਗਵਰਨਿੰਗ ਕੌਂਸਲ ਦੀ ਸੁਯੋਗ ਅਗਵਾਈ ਅਤੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਦੀ ਮਿਹਨਤ ਸਦਕਾ ਹੀ ਕਾਲਜ ਪੜ੍ਹਾਈ ਦੇ ਨਾਲ-ਨਾਲ ਕਲਚਰਲ ਖੇਤਰ ਵਿੱਚ ਵੀ ਪ੍ਰਾਪਤੀਆਂ ਕਰ ਰਿਹਾ ਹੈ।। ਉਹਨਾਂ ਕਿਹਾ ਕਿ ਲਾਇਲਪੁਰ ਖ਼ਾਲਸਾ ਕਾਲਜ ਹਮੇਸ਼ਾ ਹੀ ਵਿਦਿਆਰਥੀਆਂ ਦੇ ਸਮੁੱਚੇ ਵਿਕਾਸ ਲਈ ਵਚਨਬਧ ਹੈ।

ਸਮਾਜਕ ਜਥੇਬੰਦੀਆਂ ਵੱਲੋਂ 6 ਦਸੰਬਰ ਨੂੰ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ

ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)

ਗਜ਼ਟਿਡ ਐਂਡ ਨਾਨ ਗਜ਼ਟਿਡ ਐਸ.ਸੀ ਬੀ.ਸੀ ਇੰਪਲਾਈਜ ਫੈਡਰੇਸਨ ਪੰਜਾਬ ਵੱਲੋਂ ਪਿਛੜੇ ਵਰਗ ਅਤੇ ਦਲਿਤ ਸਮਾਜ ਦੀਆਂ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਸੰਗਰੂਰ ਸਥਿਤ ਰਿਹਾਇਸ ਵਿਖੇ 6 ਦਸੰਬਰ ਨੂੰ ਕੀਤੇ ਜਾਣ ਵਾਲੇ ਘਿਰਾਓ ਸੰਬੰਧੀ ਚੱਲ ਰਹੀਆਂ ਮੀਟਿੰਗਾਂ ਦੇ ਸੰਬੰਧ ਵਿੱਚ ਦਸਮੇਸ਼ ਨਗਰ ਟਾਂਡਾ ਵਿਖੇ ਵਿਸ਼ਾਲ ਮੀਟਿੰਗ ਕੀਤੀ ਗਈ। ਜਥੇਬੰਦੀ ਨਾਲ ਸਬੰਧਤ ਇਕਾਈ ਉੜਮੁੜ ਟਾਂਡਾ ਦੇ ਪ੍ਰਧਾਨ ਕੁਲਵੰਤ ਸਿੰਘ ਤੇ ਪ੍ਰਧਾਨ ਰੇਸਮ ਸਿੰਘ ਦੀ ਅਗਵਾਈ ਵਿਚ ਹੋਈ ਮੀਟਿੰਗ ਜਥੇਬੰਦੀ ਦੇ ਚੇਅਰਮੈਨ ਪੰਜਾਬ ਮਾਸਟਰ ਜਸਵੀਰ ਸਿੰਘ ਪਾਲ, ਸੂਬਾ ਪ੍ਰਧਾਨ ਮਾਸਟਰ ਕੁਲਵਿੰਦਰ ਸਿੰਘ ਬੋਦਲ, ਜਿਲ੍ਹਾ ਪ੍ਰਧਾਨ ਬਲਦੇਵ ਸਿੰਘ ਧੁੱਗਾ ਨੇ ਵਿਸੇਸ ਤੌਰ 'ਤੇ ਸ਼ਿਰਕਤ ਕਰਦੇ ਹੋਏ ਮੀਟਿੰਗ ਵਿੱਚ ਸ਼ਾਮਲ ਵੱਡੀ ਗਿਣਤੀ ਵਿੱਚ ਦਲਿਤ ਸਮਾਜ ਦੇ ਲੋਕਾਂ ਨੂੰ 6 ਦਸੰਬਰ ਦੇ ਸੰਘਰਸ਼ ਲਈ ਲਾਮਬੰਦ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਜਥੇਬੰਦੀ ਦੇ ਚੇਅਰਮੈਨ ਮਾਸਟਰ ਜਸਬੀਰ ਸਿੰਘ ਪਾਲ ਨੇ ਕਿਹਾ ਹੈ ਸਰਕਾਰਾਂ ਆਈਆਂ ਤੇ ਗਈਆਂ ਪਰੰਤੂ ਪਿਛਲੇ ਅਤੇ ਦਲਿਤ ਸਮਾਜ ਦੀਆਂ ਮੰਗਾਂ ਨੂੰ ਕਿਸੇ ਨੇ ਵੀ ਨਹੀਂ ਕੀਤਾ। ਜਥੇਬੰਦੀ ਵੱਲੋਂ ਆਪਣੀਆਂ ਮੰਗਾਂ ਜਿਵੇਂ 85ਵੀਂ ਸੋਧ ਨੂੰ ਲਾਗੂ ਕਰਵਾਉਣ, ਅਬਾਦੀ ਅਨੁਸਾਰ ਹਰ ਪੱਧਰ ਦੀ ਭਰਤੀ ਅਤੇ ਤਰੱਕੀਆਂ ਵਿਚ ਰਾਖਵੇਂਕਰਨ ਲਈ, ਐ.ਸੀ ਭਾਈਚਾਰੇ ਲਈ 40 ਫੀਸਦੀ ਅਤੇ ਬੀ.ਸੀ ਭਾਈਚਾਰੇ ਲਈ ਸਲਾਨਾ ਬਜਟ ਅਤੇ ਹੋਰਨਾਂ ਮੰਗਾਂ ਨੂੰ ਲੈ ਕੇ ਜਥੇਬੰਦੀ ਵੱਲੋਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਸੰਗਰੂਰ ਸਥਿਤ ਕੋਠੀ ਵਿਖੇ 6 ਦਸੰਬਰ ਨੂੰ ਕੀਤਾ ਜਾਵੇਗਾ ਅਤੇ ਇਸ ਸੰਘਰਸ ਵਾਸਤੇ ਪੰਜਾਬ ਦੀਆਂ 16 ਹਮਖਿਆਲੀ ਜਥੇਬੰਦੀਆਂ ਵੀ ਸਾਮਲ ਹੋਣਗੀਆਂ। ਇਸ ਮੌਕੇ

ਪ੍ਰਧਾਨ ਜਗਦੀਸ ਕੁਮਾਰ ਰਿੰਕਾ, ਬਲਾਕ ਪ੍ਰਧਾਨ ਕੁਲਵੰਤ ਸਿੰਘ, ਬਲਾਕ ਪ੍ਰਧਾਨ ਰੇਸਮ ਸਿੰਘ, ਜਗਦੀਸ ਕੁਮਾਰ ਰਿੰਕਾ ਰਿੰਕੂ ਭਾਟੀਆ, ਅਵਤਾਰ ਸਿੰਘ, ਹਰਪ੍ਰੀਤ ਸਿੰਘ, ਕੁਲਵੰਤ ਸਿੰਘ, ਅਮਰ ਸਿੰਘ, ਰਾਜਪਾਲ ਸਿੰਘ, ਬਲਵਿੰਦਰ ਸਿੰਘ, ਸਰਬਜੀਤ ਸਿੰਘ ,ਪ੍ਰਦੀਪ ਸਿੰਘ, ਰਕੇਸ ਰੌਸਨ ਜਸਵਿੰਦਰ ਸਿੰਘ, ਗੁਰਦੀਪ ਸਿੰਘ ,ਮਨਦੀਪ ਕੌਰ, ਮੀਨਾ ਕੁਮਾਰੀ ,ਜਸਵਿੰਦਰ ਕੌਰ, ਜਸਪਾਲ ਰਾਏ, ਮਨਦੀਪ ਦੀਪਾ, ਲਖਵਿੰਦਰ ਸਿੰਘ ਬਿੱਟੂ, ਕਰਮਜੀਤ ਸਿੰਘ, ਸੋਮ ਪ੍ਰਕਾਸ਼, ਬਲਬੀਰ ਸਿੰਘ ਆਦਿ ਹਾਜ਼ਰ ਸਨ।

ਸੀਟੂ ਮਜ਼ਦੂਰਾਂ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਪੰਜਾਬ ਸੀਟੂ ਦੇ ਸੱਦੇ 'ਤੇ ਚੱਗਰਾ ਵਿਖੇ ਮਜ਼ਦੂਰਾਂ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਦੀ ਅਗਵਾਈ ਪੰਜਾਬ ਸੀਟੂ ਦੇ ਜ਼ਿਲ੍ਹਾ ਸਕੱਤਰ ਮਹਿੰਦਰ ਕੁਮਾਰ ਬੱਡੋਆਣ, ਪ੍ਰਧਾਨ ਕਮਲਜੀਤ ਸਿੰਘ ਰਾਜਪੁਰ ਭਾਈਆ, ਬਲਦੇਵ ਰਾਜ, ਪਰਮੋਦ ਨੇ ਕੀਤੀ। ਇਸ ਮੌਕੇ ਆਗੂਆਂ ਨੇ ਸੰਬੋਧਨ ਕਰਦੇ ਕਿਹਾ ਕਿ ਮਹਿੰਗਾਈ ਲਗਾਤਾਰ ਵਧਦੀ ਜਾ ਰਹੀ ਹੈ ਮਜ਼ਦੂਰਾਂ ਦੀਆਂ ਉਜਰਤਾਂ ਵਿੱਚ ਵਾਧਾ ਨਹੀ ਕੀਤਾ ਜਾ ਰਿਹਾ, ਬੇਰੁਜ਼ਗਾਰੀ ਲਗਾਤਾਰ ਵਧਦੀ ਜਾ ਰਹੀ ਹੈ ਆਗੂਆਂ ਨੇ ਮੰਗ ਕੀਤੀ ਭੱਠਿਆਂ ਉਤੇ ਫੈਕਟਰੀ ਐਕਟ ਲਾਗੂ ਕੀਤਾ ਜਾਵੇ, ਮਨਰੇਗਾ ਮਜ਼ਦੂਰਾਂ ਨੂੰ ਸਾਰਾ ਸਾਲ ਕੰਮ ਦਿੱਤਾ ਜਾਵੇ, ਦਿਹਾੜੀ 700 ਰੁਪਏ ਕੀਤੀ ਜਾਵੇ, ਠੇਕਾ ਸਿਸਟਮ ਖਤਮ ਕੀਤਾ ਜਾਵੇ, ਸਕੀਮ ਵਰਕਰਾਂ ਨੂੰ ਪੱਕਾ ਕੀਤਾ ਜਾਵੇ, ਇੰਨਕਮ ਟੈਕਸ ਦੇ ਘੇਰੇ ਤੋਂ ਬਾਹਰ ਗਰੀਬ ਲੋਕਾਂ ਨੂੰ 7500 ਰੁਪਏ ਮਹੀਨਾ 10 ਕਿੱਲੋ ਪ੍ਰਤੀ ਵਿਅਕਤੀ ਅਨਾਜ ਦਿੱਤਾ ਜਾਵੇ, ਮਹਿੰਗਾਈ ਅੰਕੜੇ ਦੀਆਂ ਕਿਸ਼ਤਾਂ ਤੁਰੰਤ ਜ਼ਾਰੀ ਕੀਤੀਆਂ ਜਾਣ, ਆਗੂਆਂ ਨੇ ਕਿਹਾ ਪਰਾਲੀ ਲਈ ਸਰਕਾਰ ਪਲਾਂਟ ਲਾਵੇ, ਗਿੱਟੀ ਬਣਾ ਕੇ ਭੱਠਿਆ 'ਤੇ ਦਿੱਤੀ ਜਾਵੇ, ਜੀ ਐਸ ਟੀ ਭੱਠਿਆਂ 'ਤੇ ਘਟਾਈ ਜਾਵੇ, ਕੇਂਦਰ ਸਰਕਾਰ ਕੋਲਾ ਖਾਨਾਂ ਨੂੰ ਆਪਣੇ ਹੱਥ ਵਿੱਚ ਲੇ ਕੇ ਭੱਠਿਆਂ ਉੱਤੇ ਸਸਤੇ ਰੇਟ 'ਤੇ ਕੋਲਾ ਸਪਲਾਈ ਕਰੇ ਤਾਂ ਕਿ ਭੱਠਾ ਸੰਨਤ ਨੂੰ ਬਰਬਾਦੀ ਤੋਂ ਬਚਾਇਆ ਜਾ ਸਕੇ। ਜੇਕਰ ਸਰਕਾਰ ਨੇ ਉਪਰੋਕਤ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਸੀਟੂ ਸੰਘਰਸ਼ ਤੇਜ ਕਰੇਗੀ। ਆਗੂਆਂ ਨੇ 5 ਅਪ੍ਰੈਲ ਬਜਟ ਸ਼ੈਸ਼ਨ 'ਤੇ ਪਾਰਲੀਮੈਂਟ ਦੇ ਹੋ ਰਹੇ ਘਿਰਾਓ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ।

ਕਿਸਾਨ ਅੰਦੋਲਨ ਦਾ ਫਤਿਹ ਦਿਵਸ ਮਨਾਉਂਦਿਆਂ ਸੰਘਰਸ਼ ਤੇਜ਼ ਕਰਨ ਦਾ ਸੱਦਾ

ਮਾਹਿਲਪੁਰ-(ਸਫਰੀ)

ਸੰਯੁਕਤ ਕਿਸਾਨ ਮੋਰਚੇ ਦੇ ਸਮੂਹ ਸਮੱਰਥਕਾਂ ਵਲੋਂ ਮੇਨ ਚੌਂਕ ਮਾਹਿਲਪੁਰ ਵਿਖੇ ਇਕੱਠੇ ਹੋ ਕੇ ਕਿਸਾਨ ਅੰਦੋਲਨ ਦਾ ਫਤਹਿ ਦਿਵਸ ਮਨਾਇਆ ਗਿਆ। ਜਿਸ 'ਚ ਸਾਲ ਤੋਂ ਵੱਧ ਸਮਾਂ ਸਾਂਤਮਈ ਤੇ ਅਨੁਸਾਸ਼ਨਬੱਧ ਤਰੀਕੇ ਨਾਲ ਚੱਲੇ ਸੰਘਰਸ਼ ਨਾਲ ਸਬੰਧਤ ਯਾਦਾਂ ਨੂੰ ਤਾਜਾ ਕਰਦਿਆਂ ਕਿਰਤੀ ਲੋਕਾਂ ਦੇ ਸਿਦਕ ਸਬਰ ਤੇ ਏਕਤਾ ਨੂੰ ਸਲਾਹਿਆ ਗਿਆ ਤੇ ਧੋਖੇਬਾਜ ਹਾਕਮਾਂ ਵਲੋਂ ਕੀਤੀ ਜਾ ਰਹੀ ਵਾਅਦਾ ਖਿਲਾਫੀ ਦੀ ਘੋਰ ਨਿੰਦਿਆ ਕੀਤੀ ਗਈ। ਇਸ ਮੌਕੇ

ਅੰਦੋਲਨ ਦੌਰਾਨ ਸ਼ਹਾਦਤਾਂ ਪ੍ਰਾਪਤ ਕਰ ਚੁੱਕੇ ਅੰਦੋਲਨਕਾਰੀਆਂ ਨੂੰ ਸਰਧਾਂਜ਼ਲੀ ਭੇਟ ਕਰਦਿਆਂ ਉਨ੍ਹਾਂ ਦੇ ਅਧੂਰੇ ਕਾਰਜ ਨੂੰ ਸਿਰੇ ਚਾੜ੍ਹਨ ਲਈ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤੇਜ ਕਰਨ ਲਈ ਸੱਦਾ ਦਿੱਤਾ ਗਿਆ। ਪ੍ਰੋਗਰਾਮ ਵਿੱਚ ਸ਼ਾਮਲ ਵੱਖ ਵੱਖ ਜਥੇਬੰਦੀਆਂ ਤੇ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਸੰਯੁਕਤ ਕਿਸਾਨ ਮੋਰਚੇ ਵਲੋਂ ਦਿੱਤੇ ਸੱਦੇ ਤਹਿਤ ਹਰ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਵੱਧ ਤੋਂ ਵੱਧ ਯੋਗਦਾਨ ਦੇਣ ਦਾ ਭਰੋਸਾ ਦਿਵਾਇਆ। ਪ੍ਰੋਗਰਾਮ ਦੀ ਸ਼ੁਰੂਆਤ ਮੌਕੇ ਗੀਤਕਾਰ ਗੁਰਮਿੰਦਰ ਕੈਂਡੋਵਾਲ ਨੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਬਣਦੀ ਜਿੰਮੇਵਾਰੀ ਨੂੰ ਸੰਭਾਲਣ, ਤਨਦੇਹੀ ਨਾਲ ਨਿਭਾਉਣ ਤੇ ਪੰਜਾਬ ਨੂੰ ਬਚਾਉਣ ਲਈ ਸੰਘਰਸ਼ਾਂ ਦੇ ਰਾਹ ਪੈਣ ਦਾ ਸੱਦਾ ਦਿੱਤਾ। ਇਸ ਮੌਕੇ ਬੋਲਦਿਆਂ ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ ਨੇ ਕਿਰਤੀ ਲੋਕਾਂ ਨੂੰ ਭਾਈਚਾਰਕ ਸਾਂਝ ਤੇ ਏਕਤਾ ਮਜ਼ਬੂਤ ਕਰਕੇ ਆਉਣ ਵਾਲੇ ਸਮੇਂ ਦੇ ਸੰਘਰਸ਼ਾਂ 'ਚ ਜੂਝਣ ਲਈ ਤਿਆਰ ਬਰ ਤਿਆਰ ਰਹਿਣ ਲਈ ਤੇ ਜਾਲਮ ਹਾਕਮਾਂ ਦਾ ਡੱਟ ਕੇ ਵਿਰੋਧ ਕਰਨ ਲਈ ਕਿਹਾ। ਉਨ੍ਹਾਂ ਕੇਂਦਰੀ ਹੁਕਮਰਾਨਾਂ ਨੂੰ ਮਿਹਨਤਕਸ ਲੋਕਾਂ ਨਾਲ ਕੀਤੇ ਸਾਰੇ ਵਾਅਦੇ ਜਲਦ ਤੋਂ ਜਲਦ ਪੂਰਾ ਕਰਨ ਲਈ ਵੀ ਕਿਹਾ ਤੇ ਲੋਕਾਂ ਨੂੰ ਆਪਣੇ ਹੱਕਾਂ ਦੀ ਰਾਖੀ ਆਪ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਕੋਈ ਵੀ ਜਾਲਮ ਸਰਕਾਰ ਜਾਂ ਲੁਟੇਰੇ ਸਰਮਾਏਦਾਰ ਅੱਜ ਤੱਕ ਮਿਹਨਤਕਸ ਲੋਕਾਂ ਨੂੰ ਹਰਾ ਨਹੀਂ ਸਕੇ ਤੇ ਕਿਰਤੀ ਲੋਕ ਹਮੇਸ਼ਾ ਜਿੱਤਾਂ ਪ੍ਰਾਪਤ ਕਰਦੇ ਰਹੇ ਨੇ ਤੇ ਆਪਣੀ ਏਕਤਾ ਦੇ ਬਲ ਆਉਣ ਵਾਲੇ ਸਮੇਂ ਵਿੱਚ ਵੀ ਜਿੱਤਾਂ ਪ੍ਰਾਪਤ ਕਰਦੇ ਰਹਿਣਗੇ। ਇਸ ਮੌਕੇ ਜਸਵਿੰਦਰ ਸਿੰਘ ਬੰਗਾ, ਪਰਮਿੰਦਰ ਸਿੰਘ ਪਿੰਦਾ, ਜੰਗ ਬਹਾਦਰ ਸਿੰਘ, ਖੁਸਵੰਤ ਸਿੰਘ ਬੈਂਸ, ਮਨੀ ਬਿਹਾਲਾ, ਜਸਵੀਰ ਸੀਰਾ ਸੋਨਾ, ਜੁਝਾਰ ਸਿੰਘ ਮਹਿਨਾ, ਰਾਜ ਕੁਮਾਰ ਭੋਲਾ, ਮਨਜਿੰਦਰ ਸਿੰਘ, ਗੁਰਪ੍ਰੀਤ ਸਿੰਘ, ਅਮਰੀਕ ਸਿੰਘ ਹੀਰ, ਮਲਕੀਤ ਸਿੰਘ, ਦਲਬੀਰ ਪੰਡਿਤ, ਦੀਪਾ ਮਾਹਿਲਪੁਰ, ਇਕਬਾਲ ਸਿੰਘ ਸਰਪੰਚ, ਪਵਿੱਤਰ ਸਿੰਘ, ਜਿੰਦਰ ਖਾਨਪੁਰੀ, ਦਿਲਸਰਨਪ੍ਰੀਤ ਸਿੰਘ, ਜਸਮੀਤ ਸਿੰਘ ਹੀਰ, ਮਲਕੀਤ ਸਿੰਘ ਬਾਹੋਵਾਲ, ਗੁਰਵਿੰਦਰ ਢੱਕੋਂ ਤੇ ਵੱਡੀ ਗਿਣਤੀ 'ਚ ਅੰਦੋਲਨ ਸਮੱਰਥਕ ਹਾਜ਼ਰ ਸਨ।

ਸਵ. ਬਿਰਗੇਡੀਅਰ ਡਾ. ਦਲਜੀਤਮ ਸਿੰਘ ਦੀ ਯਾਦ 'ਚ ਪਾਠ ਕਰਵਾਇਆ

ਕਰਤਾਰਪੁਰ (ਹਰਮੇਸ਼ ਦੱਤ) ਆਪੀ ਚੈਰੀਟੇਬਲ ਹਸਪਤਾਲ ਕਰਤਾਰਪੁਰ ਵਿਖੇ ਸਾਬਕਾ ਪ੍ਰਧਾਨ ਸਰਗਵਾਸੀ ਬਿਰਗੇਡੀਅਰ ਡਾਕਟਰ ਦਲਜੀਤਮ ਸਿੰਘ ਦੀ ਯਾਦ 'ਚ ਮੈਡਮ ਸੁਮਨ ਲਤਾ ਦੀ ਦੇਖ ਰੇਖ ਹੇਠ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ। ਅਰਦਾਸ ਉਪਰੰਤ ਕੀਰਤਨੀ ਜਥੇ ਵੱਲੋਂ ਸ਼ਬਦ ਗਾਇਨ ਕਰਕੇ ਸੰਗਤਾ ਨੂੰ ਗੁਰੂ ਚਰਨਾ ਨਾਲ ਜੋੜਿਆ ਅਤੇ ਬਾਅਦ ਵਿੱਚ ਪ੍ਰਸਾਦ ਦਾ ਵਿਤਰਨ ਕੀਤਾ ਅਤੇ ਗੁਰੂ ਕਾ ਅਤੂੱਟ ਲਗਰ ਵਰਤਾਇਆ ਗਿਆ। ਇਸ ਮੌਕੇ ਸਕੱਤਰ ਮੈਡਮ ਸੁਮਨ ਲਤਾ, ਸੁਰਿੰਦਰ ਅਗਰਵਾਲ, ਵਿਮਲ ਜੈਨ, ਯੋਗੇਸ਼ ਸੂਰੀ, ਸਤੀਸ਼ ਗੁਪਤਾ, ਮਨਜੀਤ ਸਿੰਘ, ਜੱਸੀ, ਚਾਹਲ, ਦਵਿੰਦਰ ਢਿੱਲੋਂ, ਦਲਵਿੰਦਰ ਦਿਆਲਪੁਰੀ, ਕਰਮਜੀਤ ਸਿਘ, ਡਾਕਟਰ ਵਿਨੋਦ ਬੱਗਾ, ਡਾਕਟਰ ਪੰਕਜ ਮਲਣ, ਸਮੂਹ ਡਾਕਟਰ ਅਤੇ ਹਸਪਤਾਲ ਸਟਾਫ ਨੇ ਸਰਧਾਂਜ਼ਲੀਆਂ ਭੇਟ ਕੀਤੀਆਂ।

ਇੰਨੋਸੈਂਟ ਹਾਰਟਸ ਸਕੂਲ ਦੇ ਬੱਚਿਆਂ ਨੇ ਕੀਤੇ ਗੁਰਦੁਆਰਾ ਸਾਹਿਬ ਦੇ ਦਰਸ਼ਨ

ਜਲੰਧਰ (ਸ਼ੈਲੀ ਐਲਬਰਟ)

ਇੰਨੋਸੈਂਟ ਹਾ

21-Nov-PAGE-9.qxd 11/20/2022 10:12 PM Page 1

ਕਿਸਾਨ-ਜਥੇਬੰਦੀਆਂ ਨੇ ਫਤਿਹ-ਦਿਵਸ ਮਨਾਇਆ

ਚੰਡੀਗੜ੍ਹ (ਗੁਰਜੀਤ ਬਿੱਲਾ)

ਕੁੱਲ ਹਿੰਦ ਪ੍ਰਗਤੀਸ਼ਿਲ ਲੇਖਕ ਸੰਘ (ਪੀ. ਡਬਲਯੂ. ਏ) ਦੇ ਜਨਰਲ ਸਕੱਤਰ ਡਾ ਸੁਖਦੇਵ ਸਿੰਘ ਸਿਰਸਾ, ਪੰਜਾਬ ਇਕਾਈ ਦੇ ਪ੍ਰਧਾਨ ਡਾ. ਸੁਰਜੀਤ ਬਰਾੜ ਅਤੇ ਜਨਰਲ ਸਕੱਤਰ ਸੁਰਜੀਤ ਜੱਜ, ਚੰਡੀਗੜ੍ਹ ਇਕਾਈ ਦੇ ਸਰਪ੍ਰਸਤ ਡਾ. ਲਾਭ ਸਿੰਘ ਖੀਵਾ, ਪ੍ਰਧਾਨ ਡਾ. ਸਰਬਜੀਤ ਸਿੰਘ, ਇਪਟਾ ਪੰਜਾਬ ਦੇ ਪ੍ਰਧਾਨ ਸੰਜੀਵਨ ਸਿੰਘ ਅਤੇ ਜਨਰਲ ਸਕੱਤਰ ਇੰਦਰਜੀਤ ਰੂਪੋਵਾਲੀ ਅਤੇ ਚੰਡੀਗੜ੍ਹ ਇਕਾਈ ਦੇ ਪ੍ਰਧਾਨ ਬਲਕਾਰ ਸਿੱਧੂ ਅਤੇ ਜਨਰਲ ਸਕੱਤਰ ਕੇਵਲਨੈਨ ਸਿੰਘ ਸੇਖੋਂ ਨੇ ਸਾਹਿਤਕ ਅਤੇ ਸੱਭਿਆਚਾਰਕ ਖੇਤਰ ਵਿਚ ਸਰਗਰਮ ਨੌਜਵਾਨ ਵਰਿੰਦਰ ਦੀਵਾਨਾ ਨੂੰ ਰਿਸ਼ਵਤਖੋਰੀ ਦੇ ਕੇਸ ਵਿਚ ਵਿਜੀਲੈਂਸ ਵਿਭਾਗ ਦੁਆਰਾ ਗ੍ਰਿਫਤਾਰ ਕਰਨ ਨੂੰ ਇਕ ਸਾਜਿਸ ਸਮਝਦਿਆਂ ਇਸ ਕੇਸ ਦੀ ਡੂੰਘੀ ਜਾਂਚ ਕਰਵਾਉਣ ਦੀ ਮੰਗ ਕੀਤੀ। ਜਥੇਬੰਦੀਆਂ ਵੱਲੋਂ ਪਿੰਡਾਂ ਦੀਆਂ ਸੱਥਾਂ 'ਚ ਇਕੱਠ ਕਰਦਿਆਂ ਅੰਦੋਲਨ ਦੀਆਂ ਯਾਦਾਂ ਤਾਜ਼ਾ ਕੀਤੀਆਂ ਗਈਆਂ, ਸ਼ਹੀਦ ਹੋਏ 700 ਦੇ ਕਰੀਬ ਕਿਸਾਨਾਂ ਨੂੰ ਸ਼ਰਧਾਂਜਲੀਆਂ ਦਿੱਤੀਆਂ ਗਈਆਂ, ਰਾਤ ਵੇਲੇ ਘਰਾਂ 'ਤੇ ਦੀਪਮਾਲਾ ਵੀ ਕੀਤੀ ਗਈ। ਪਿਛਲੇ ਸਾਲ 19 ਨਵੰਬਰ ਨੂੰ ਗੁਰਪੁਰਬ ਵਾਲੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਵਲੋਂ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੀ ਘੋਸ਼ਣਾ ਕੀਤੀ ਗਈ ਸੀ। ਭਾਰਤੀ ਕਿਸਾਨ ਯੂਨੀਅਨ-ਏਕਤਾ (ਡਕੌਂਦਾ) ਦੇ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਅਤੇ ਜਨਰਲ ਸਕੱਤਰ ਜਗਮੋਹਨ ਸਿੰਘ ਪਟਿਆਲਾ ਨੇ ਕਿਹਾ ਕਿ ਦਿੱਲੀ ਦੀਆਂ ਹੱਦਾਂ 'ਤੇ ਚੱਲੇ ਵਿਸ਼ਵ ਭਰ 'ਚ ਚਰਚਿਤ ਰਹੇ ਕਿਸਾਨ-ਅੰਦੋਲਨ ਨੂੰ ਲੋਕ ਯੁੱਗਾਂ ਤੱਕ ਯਾਦ ਰੱਖਣਗੇ। ਭਾਵੇਂ ਕਿ 3 ਕਾਲੇ ਕਾਨੂੰਨਾਂ ਦੇ ਰੱਦ ਹੋ ਜਾਣ 'ਤੇ ਕਿਸਾਨ ਵਾਪਸ ਪਿੰਡਾਂ ਨੂੰ ਪਰਤ ਆਏ ਸਨ, ਪ੍ਰੰਤੂ ਹਾਲੇ ਵੀ ਕੁੱਝ ਮੰਗਾਂ ਲਟਕਦੀਆਂ ਆ ਰਹੀਆਂ ਹਨ। ਸਾਰੀਆਂ ਫਸਲਾਂ ਲਈ ਲਾਜ਼ਮੀ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਲਈ ਕਾਨੂੰਨ ਅਤੇ ਲਖ਼ੀਮਪੁਰ ਖੀਰੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਸੰਘਰਸ਼ ਲਗਾਤਾਰ ਜਾਰੀ ਹੈ। ਉਹਨਾਂ ਕਿਹਾ ਕਿ 26 ਨਵੰਬਰ ਨੂੰ ਦੇਸ਼-ਭਰ 'ਚ ਰਾਜ-ਭਵਨਾਂ ਵੱਲ ਮਾਰਚ ਕੀਤੇ ਜਾਣਗੇ।

ਭਾਕਿਯੂ ਏਕਤਾ ਡਕੌਂਦਾ ਨੇ ਕੱਢਿਆ ਫਤਿਹ ਮਾਰਚ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਕੇਂਦਰ ਦੀ ਮੋਦੀ ਸਰਕਾਰ ਵੱਲੋਂ ਲਿਆਂਦੇ ਤਿੰਨ ਖੇਤੀ ਕਾਨੂੰਨ ਦੇ ਰੱਦ ਹੋਣ ਦੀ ਵਰ੍ਹੇਗੰਢ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਜ਼ਿਲ੍ਹਾ ਪ੍ਰਧਾਨ ਨਿਰਪਾਲ ਸਿੰਘ ਜੌਣੇਕੇ ਦੀ ਅਗਵਾਈ ਚ ਕਸਬਾ ਹਰੀਕੇ ਕੌਂਡਲ ਮਾਰਚ ਕੱਢਿਆ ਗਿਆ। ਬਜ਼ਾਰ ਦੀਆਂ ਵੱਖ-ਵੱਖ ਸੜਕਾਂ ਤੋਂ ਹੁੰਦੇ ਹੋਏ ਕਿਸਾਨਾਂ ਤੇ ਮਜ਼ਦੂਰਾਂ ਨੇ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਮਾਰਚ ਦੀ ਸਮਾਪਤੀ ਕੀਤੀ। ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਨਿਰਪਾਲ ਸਿੰਘ ਜੌਣੇਕੇ, ਜਿਲ੍ਹਾ ਆਗੂ ਅਮਰਜੀਤ ਸਿੰਘ ਅਤੇ ਜਿਲ੍ਹਾ ਪ੍ਰੈੱਸ ਸਕੱਤਰ ਜਗਜੀਤ ਸਿੰਘ ਜੋਨੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਦੇਸ਼ ਭਰ ਲਾਗੂ ਕੀਤੇ ਤਿੰਨ ਖੇਤੀ ਕਾਨੂੰਨ ਕਿਸਾਨਾਂ ਮਜ਼ਦੂਰਾਂ ਦੀ ਏਕਤਾ ਮੂਹਰੇ ਰੇਤ ਦੀ ਕੰਧ ਵਾਂਗ ਢਹਿ-ਢੇਰੀ ਹੋ ਗਏ। ਉਨ੍ਹਾਂ ਜਿਥੇ ਦਿੱਲੀ ਅੰਦੋਲਨ ਲਈ ਗਾਹੇ-ਬਗਾਹੇ ਸਹਿਯੋਗ ਕਰਨ ਬਦਲੇ ਆਵਾਮ ਦਾ ਧੰਨਵਾਦ ਕੀਤਾ, ਉਥੇ ਹੀ ਸਿਆਸੀ ਤੇ ਸਰਕਾਰੀ ਜਬਰ ਨੂੰ ਮੂੰਹਤੋੜ ਜਵਾਬ ਦੇਣ ਲਈ ਸੰਘਰਸ਼ ਦੇ ਝੰਡੇ ਥੱਲੇ ਇਕੱਤਰ ਹੋਣ ਦਾ ਹੋਕਾ ਵੀ ਦਿੱਤਾ। ਇਸ ਮੌਕੇ ਹਰਪ੍ਰੀਤ ਸਿੰਘ ਮਾਨ, ਬਾਜ ਸਿੰਘ ਬਲਕਾਰ ਸਿੰਘ, ਜਗਤਾਰ ਸਿੰਘ, ਕਾਕਾ ਸਿੰਘ, ਗੁਰਪ੍ਰੀਤ ਸਿੰਘ, ਲਵਪ੍ਰੀਤ ਸਿੰਘ, ਗੁਰਬਖਸ਼ ਸਿੰਘ, ਜਸਬੀਰ ਸਿੰਘ, ਅਮਰੀਕ ਸਿੰਘ, ਬਲਬੀਰ ਸਿੰਘ ਅਤੇ ਸਤਨਾਮ ਸਿੰਘ ਆਦਿ ਕਿਸਾਨ ਆਗੂ ਹਾਜ਼ਰ ਸਨ।

ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਇੰਡੀਆ ਵੱਲੋਂ ਪੁਲਸ ਦੇ ਇੱਕਪਾਸੜ ਵਤੀਰੇ ਦੀ ਨਿੰਦਾ

ਹੁਸ਼ਿਆਰਪੁਰ (ਓ ਪੀ ਰਾਣਾ)

ਸਿਵਲ ਹਸਪਤਾਲ ਹੁਸ਼ਿਆਰਪੁਰ ਵਿਚ ਮਰੀਜਾਂ ਨਾਲ ਹੁੰਦੇ ਮਾੜੇ ਵਤੀਰੇ ਦੀ ਕਵਰੇਜ ਕਰਨ ਗਏ ਪੱਤਰਕਾਰਾਂ ਨਾਲ ਐੱਸਐੱਮਓ ਅਤੇ ਮੈਡੀਕਲ ਸਟਾਫ ਵਿਵਾਦ ਵਿੱਚ ਪੱਤਰਕਾਰਾਂ ਖਿਲਾਫ ਪਰਚਾ ਦਰਜ ਕਰਨ ਦੇ ਜ਼ਿਲਾ ਪੁਲਸ ਦੀ ਇੱਕਪਾਸੜ ਕਾਰਵਾਈ ਦੇ ਤਿੱਖੇ ਪ੍ਰਤੀਕਰਮ ਦਿੰਦਿਆਂ 'ਦਿ ਵਰਕਿੰਗ ਰਿਪੋਰਟਰਜ ਐਸੋਸੀਏਸ਼ਨ ਰਜਿ.ਇੰਡੀਆ ਪੰਜਾਬ' ਦੇ ਪੰਜਾਬ ਪ੍ਰਧਾਨ ਬਲਵੀਰ ਸਿੰਘ ਸੈਣੀ ਅਤੇ ਚੇਅਰਮੈਨ ਪੰਜਾਬ ਜਸਵਿੰਦਰ ਸਿੰਘ ਆਜਾਦ ਨੇ ਜ਼ਿਲਾ ਹੁਸ਼ਿਆਰਪੁਰ ਪੁਲਸ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਨੂੰ ਐਤਵਾਰ ਸ਼ਾਮ 5 ਵਜੇ ਤੱਕ ਪੱਤਰਕਾਰਾਂ ਖਿਲਾਫ ਕੀਤੇ ਨਜਾਇਜ ਪਰਚੇ ਰੱਦ ਕਰਨ ਦਾ ਅਲਟੀਮੇਟਮ ਦਿੱਤਾ ਹੈ। ਸ਼ੁੱਕਰਵਾਰ ਵਿਸ਼ੇਸ਼ ਪ੍ਰੈੱਸ ਵਾਰਤਾ ਵਿੱਚ ਦਿ ਵਰਕਿੰਗ ਰਿਪੋਰਟਰਜ ਐਸੋਸੀਏਸ਼ਨ ਰਜਿ. ਦੇ ਪੰਜਾਬ ਪ੍ਰਧਾਨ ਬਲਵੀਰ ਸਿੰਘ ਸੈਣੀ ਤੇ ਸੂਬਾ ਚੇਅਰਮੈਨ ਜਸਵਿੰਦਰ ਸਿੰਘ ਆਜਾਦ ਨੇ ਦੱਸਿਆ ਕਿ ਐੱਸਐੱਮਓ ਤੇ ਮੈਡੀਕਲ ਸਟਾਫ ਦੇ ਪੱਤਰਕਾਰਾਂ ਦੇ ਵਿਵਾਦ ਵਿੱਚ ਪੱਤਰਕਾਰਾਂ ਨੂੰ ਲਗਾਤਾਰ ਖਲਨਾਇਕ ਵੱਜੋਂ ਪੇਸ਼ ਕੀਤਾ ਜਾ ਰਿਹਾ ਹੈ। ਹੈਰਾਨੀਜਨਕ ਗੱਲ ਇਹ ਹੈ ਕਿ ਸਮਾਜ ਪ੍ਰਤੀ ਬਿਨਾਂ ਤਨਖਾਹ ਤੋਂ ਆਪਣੀ ਜ਼ਿੰਮੇਵਾਰੀ ਨਿਭਾ ਰਹੇ ਪੱਤਰਕਾਰ ਭਾਈਚਾਰੇ ਦੀ ਖਾਮੋਸ਼ੀ ਦੇ ਗਲਤ ਮਤਲਬ ਕੱਢੇ ਜਾ ਰਹੇ ਹਨ,ਜਦਕਿ ਪੱਤਰਕਾਰ ਭਾਈਚਾਰਾ ਕੇਵਲ ਸਮਾਜਿਕ ਸਾਰੋਕਾਰਾਂ ਨੂੰ ਪਹਿਲ ਦਿੰਦਿਆਂ ਇਸ ਮਸਲੇ ਦੇ ਸ਼ਾਂਤਮਈ ਹੱਲ ਦੇ ਹੱਕ ਵਿੱਚ ਯਤਨਸ਼ੀਲ ਰਿਹਾ ਹੈ। ਇਸ ਦੇ ਉਲਟ ਡਾਕਟਰ ਅਤੇ ਸਮੂੰਹ ਮੈਡੀਕਲ ਸਟਾਫ ਵੱਲੋਂ ਦਬਾਓ ਦੀ ਨੀਤੀ ਅਖਤਿਆਰ ਕਰਦਿਆਂ ਪੱਤਰਕਾਰਾਂ ਖਿਲਾਫ ਪਰਚੇ ਦਰਜ ਕਰਵਾਉਣ ਦੇ ਬਾਵਜੂਦ ਪਿਛਲੇ ਦਿਨਾਂ ਤੋਂ ਸਿਹਤ ਸੇਵਾਵਾਂ ਠੱਪ ਕਰਕੇ ਲੋਕਾਂ ਦੀ ਪਰੇਸ਼ਾਨੀ ਦਾ ਕਾਰਨ ਪੈਦਾ ਕਰ ਰਿਹਾ ਹੈ। ਸੈਣੀ ਤੇ ਅਜਾਦ ਨੇ ਦੱਸਿਆ ਕਿ ਵਰਕਿੰਗ ਰਿਪੋਰਟਰਜ ਐਸੋਸੀਏਸ਼ਨ ਇੰਡੀਆ ਰਜਿ. ਪੰਜਾਬ ਵਲੋਂ ਪੰਜਾਬ ਭਰ ਦੀਆਂ ਵੱਖ-ਵੱਖ ਪੱਤਰਕਾਰ ਐਸੋਸੀਏਸ਼ਨਾਂ ਅਤੇ ਭਰਾਤਰੀ ਜਥੇਬੰਦੀਆਂ ਨਾਲ ਰਾਬਤਾ ਕਾਇਮ ਕਰਕੇ ਰਲ ਕੇ ਜ਼ਿਲ੍ਹਾ ਪੁਲਸ ਦੀ ਪੱਖਪਾਤੀ ਤੇ ਇੱਕ ਪਾਸੜ ਕਾਰਵਾਈ ਖਿਲਾਫ ਜ਼ੋਰਦਾਰ ਤੇ ਤਿੱਖਾ ਸੰਘਰਸ਼ ਸ਼ੁਰੂ ਕਰਨ ਦੀ ਵਿਉਂਤਬੰਦੀ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਜ਼ਿਲ੍ਹਆ ਹੁਸ਼ਿਆਰਪੁਰ ਪੁਲਸ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਨੂੰ ਐਤਵਾਰ ਸ਼ਾਮ 5 ਵਜੇ ਤੱਕ ਪੱਤਰਕਾਰਾਂ ਖਿਲਾਫ ਕੀਤੇ ਨਜਾਇਜ ਪਰਚੇ ਰੱਦ ਕਰਨ ਦਾ ਅਲਟੀਮੇਟਮ ਦਿੰਦਿਆਂ ਕਿਹਾ ਕਿ ਜੇਕਰ ਪੱਤਰਕਾਰਾਂ ਵੱਲੋਂ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਵਿੱਚ ਦਿੱਤੀ ਦਰਖਾਸਤ 'ਤੇ ਫੌਰੀ ਕਾਰਵਾਈ ਕਰਦਿਆਂ ਜ਼ਿੰਮੇਵਾਰ ਡਾਕਟਰਾਂ ਐੱਸਐੱਮਓ ਡਾ.ਸ਼ਵਾਤੀ,ਵਧੀਕ ਐੱਸਐੱਮਓ ਡਾ ਸੁਨੀਲ ਭਗਤ,ਗ਼ੈਸ ਪਲਾਂਟ ਦੇ ਮੁਲਾਜਮ ਸਚਿਨ ਤੇ ਹੋਰਨਾਂ ਹਮਲਾਵਰਾਂ ਵੱਲੋਂ ਪੱਤਰਕਾਰਾਂ ਨਾਲ ਕੀਤੀ ਧੱਕੇਸ਼ਾਹੀ ਖਿਲਾਫ ਕੇਸ ਦਰਜ ਨਾ ਕੀਤਾ ਤਾਂ ਸੋਮਵਾਰ ਤੋਂ ਪੂਰੇ ਪੰਜਾਬ ਭਰ ਵਿੱਚ ਤਿੱਖਾ ਸੰਘਰਸ਼ ਅਰੰਭ ਕਰ ਦਿੱਤਾ ਜਾਵੇਗਾ।

ਅਧਿਆਪਕ ਆਗੂਆਂ ਦੀਆਂ ਨਜਾਇਜ਼ ਬਦਲੀਆਂ ਬਦਲਾਲਊ ਕਾਰਵਾਈ : ਡੀ ਟੀ ਐਫ

ਜਲੰਧਰ, (ਕੇਸਰ)

ਡੈਮੋਕ੍ਰੇਟਿਕ ਟੀਚਰਜ਼ ਫਰੰਟ (ਪੰਜਾਬ) ਜ਼ਿਲ੍ਹਾ ਸੰਗਰੂਰ ਵੱਲੋਂ ਵਿਦਿਆਰਥੀਆਂ ਦੇ ਵਿਦਿਅਕ ਟੂਰ ਲਈ ਪ੍ਰਵਾਨਗੀ ਲੈਣ ਵਾਸਤੇ ਕੀਤੇ ਸੰਘਰਸ਼ ਵਿਚ ਲਈ ਕੀਤੇ ਸੰਘਰਸ਼ ਵਿਚ ਆਗੂ ਤੇ ਮੋਹਰੀ ਰੋਲ ਅਦਾ ਕਰਨ ਵਾਲੇ ਫਰੰਟ ਦੇ ਚਾਰ ਜ਼ਿਲ੍ਹਾ ਆਗੂਆਂ ਦੀਆਂ ਨਾਜਾਇਜ਼ ਬਦਲੀਆਂ ਕਰਵਾ ਕੇ ਜਥੇਬੰਦੀ ਨੂੰ ਵੰਗਾਰਆ ਹੈ। ਜਥੇਬੰਦੀ ਨੇ ਡੀ.ਈ.ਓ ਸੰਗਰੂਰ ਕੁਲਤਾਰ ਸਿੰਘ ਦਾ ਚੈਲੰਜ ਕਬੂਲਦਿਆ ਉਸਦਾ ਅਫਸ਼ਰੀ ਗਰੂਰ ਭੰਨਣ ਲਈ ਸੰਘਰਸ਼ ਦਾ ਬਿਗਲ ਵਜਾਉਦਿਆ ਪੰਜਾਬ ਭਰ ਵਿਚ ਸਰਕਾਰ ਤੇ ਡੀ.ਈ.ਓ ਦੀਆਂ ਅਰਥੀਆਂ ਫੂਕੀਆ ਹਨ। ਉਕਤ ਜਾਣਕਾਰੀ ਸਾਂਝੀ ਕਰਦਿਆਂ ਡੀ.ਟੀ.ਐਫ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਜਨਰਲ ਸਕੱਤਰ ਸਰਵਨ ਸਿੰਘ ਔਜਲਾ ਨੇ ਅਫਸ਼ਰੀ ਗਰੂਰ ਵਿਚ ਗਲਤਾਨ ਉਕਤ ਜ਼ਿਲ੍ਹਾ ਅਧਿਕਾਰੀ ਵੱਲੋਂ ਅਧਿਆਪਕਾਂ ਦੇ ਹਰਮਨ ਪਿਆਰੇ ਨੇਤਾ ਜ਼ਿਲ੍ਹਾ ਪ੍ਰਧਾਨ ਬਲਬੀਰ ਚੰਦ ਲੌਂਗੋਵਾਲ,ਸੀਨੀਅਰ ਮੀਤ ਪ੍ਰਧਾਨ ਦਾਤਾ ਸਿੰਘ ਨਮੋਲ,ਮੀਤ ਪ੍ਰਧਾਨ ਪਰਵਿੰਦਰ ਉਭਾਵਾਲ ਅਤੇ ਵਿੱਤ ਸਕੱਤਰ ਯਾਦਵਿੰਦਰ ਪਾਲ ਧੂਰੀ ਉੱਪਰ ਨਾਜਾਇਜ਼ ਮੁਕੱਦਮਾ ਦਰਜ ਕਰਵਾ ਕੇ ਅਤੇ ਉਨ੍ਹਾਂ ਦੀਆਂ ਦੂਰ-ਦੁਰੇਡੇ ਬਦਲੀਆਂ ਕਰਵਾ ਕੇ ਸੰਘਰਸ਼ਾਂ ਨੂੰ ਦਬਾਉਣ ਲਈ ਕੋਝੀ ਹਰਕਤ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਇਸਾਰਿਆਂ 'ਤੇ ਡੀ.ਈ.ਓ ਦੇ ਇਸ ਗੈਰ ਸੰਵਿਧਾਨਿਕ ਕਾਰਵਾਈ ਦਾ ਜਵਾਬ ਤਿੱਖੇ ਸੰਘਰਸ਼ ਨਾਲ ਦਿੱਤਾ ਜਾਵੇਗਾ। ਸਿੱਖਿਆ ਅਧਿਕਾਰੀ ਨੇ ਅਧਿਆਪਕਾਂ ਤੇ ਵਿਦਿਆਰਥੀਆਂ ਦੀਆਂ ਜਾਇਜ਼ ਮੰਗਾਂ ਮੰਨਣ ਦੀ ਬਾਜਾਏ ਉਨ੍ਹਾਂ ਉੱਪਰ ਮੁਕੱਦਮਾ ਦਰਜ ਕਰਵਾ ਕੇ ਅਤੇ ਦੂਰ ਦੁਰੇਡੇ ਬਦਲੀਆਂ ਬਦਲੀਆਂ ਕਰਵਾ ਕੇ ਸੂਬੇ ਦੇ ਸਿੱਖਿਅਕ ਮਾਹੌਲ ਨੂੰ ਵਿਗਾੜਨ ਵਾਲਾ ਕੰਮ ਕੀਤਾ ਹੈ। ਉਨ੍ਹਾਂ ਮੰਗ ਕੀਤੀ ਕਿ ਸਕੂਲਾਂ ਦੇ ਮਾਹੌਲ ਨੂੰ ਵਿਗਾੜਨ ਵਾਲੇ ਅਜਿਹੇ ਅਧਿਕਾਰੀ ਨੂੰ ਇਸ ਅਹੁਦੇ ਤੋਂ ਪਾਸੇ ਕੀਤਾ ਜਾਵੇ, ਅਧਿਆਪਕ ਆਗੂਆਂ ਦੀਆਂ ਕੀਤੀਆਂ ਨਾਜਾਇਜ਼ ਬਦਲੀਆਂ ਤੁਰੰਤ ਰੱਦ ਕੀਤੀਆਂ ਜਾਣ ਅਤੇ ਅਧਿਆਪਕਾਂ ਦੀਆਂ ਜਾਇਜ਼ ਮੰਗਾਂ ਨੂੰ ਪਰਵਾਨ ਕੀਤੀਆ ਜਾਣ। ਉਨ੍ਹਾਂ ਐਲਾਨ ਕੀਤਾ ਕਿ ਜੇਕਰ ਆਗੂਆਂ ਦੀਆਂ ਨਾਜਾਇਜ਼ ਬਦਲੀਆਂ ਰੱਦ ਨਾਂ ਕੀਤੀਆਂ ਤਾਂ ਉਹ ਸੰਘਰਸ਼ ਨੂੰ ਪੰਜਾਬ ਭਰ ਵਿਚ ਤਿੱਖਾ ਕਰ ਦੇਣਗੇ।

ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਤਹਿਸੀਲ ਹੁਸ਼ਿਆਰਪੁਰ ਦੀ ਮੀਟਿੰਗ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਇੱਥੇ ਸ਼ਹੀਦ ਸਾਥੀ ਚੰਨਣ ਸਿੰਘ ਧੂਤ ਭਵਨ ਵਿਖੇ ਕੁੱਲ ਹਿੰਦ ਖੇਤ ਮਜਦੂਰ ਯੂਨੀਅਨ ਤਹਿਸੀਲ ਹੁਸ਼ਿਆਰਪੁਰ ਦੀ ਮੀਟਿੰਗ ਸਾਥੀ ਜੋਗਿੰਦਰ ਲਾਲ ਭੱਟੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਕੁੱਲ ਹਿੰਦ ਖੇਤ ਮਜਦੂਰ ਯੂਨੀਅਨ ਪੰਜਾਬ ਦੇ ਉੱਪ ਪ੍ਰਧਾਨ ਸਾਥੀ ਗੁਰਮੇਸ਼ ਸਿੰਘ ਨੇ ਦਿੱਲੀ ਕਨਵੈਨਸ਼ਨ ਦੇ ਫੈਸਲਿਆ ਬਾਰੇ, ਆਪਣੀ ਜੱਥੇਬੰਦੀ ਦੀ ਉਸਾਰੀ ਅਤੇ ਅਗਲੇ ਸੰਘਰਸ਼ਾਂ ਬਾਰੇ ਜਾਣਕਾਰੀ ਦਿੰਦਿਆਂ ਸਾਥੀਆਂ ਨੂੰ ਸੱਦਾ ਦਿੱਤਾ ਕਿ ਉਹ ਆਪਣੀ ਤਹਿਸੀਲ ਅੰਦਰ ਪਿੰਡ ਪਿੰਡ ਅਤੇ ਘਰ ਘਰ ਪਹੁੰਚ ਕੇ ਮੈਂਬਰਸ਼ਿਪ ਕਰਨ ਅਤੇ ਅਗਲੇ ਸੰਘਰਸ਼ਾਂ ਲਈ ਲੋਕਾਂ ਨੂੰ ਤਿਆਰ ਕਰਨ ਲਈ ਉਨ੍ਹਾਂ ਦੀਆਂ ਮੀਟਿੰਗਾਂ ਕੀਤੀਆਂ ਜਾਣ। ਤਹਿਸੀਲ ਸਕੱਤਰ ਸਾਥੀ ਗੁਰਮੀਤ ਕਾਣੇ ਨੇ ਜੱਥੇਬੰਦੀ ਦੇ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆ ਦਸਿਆ ਤੇ ਰੀਵਿਊ ਕਰਨ ਤੋਂ ਬਾਅਦ ਮੈਂਬਰਸ਼ਿਪ ਕਰਨ ਦੇ ਸਵਾਲ ਤੇ ਗੰਭੀਰ ਵਿਚਾਰਾਂ ਕਰਕੇ ਸਾਥੀਆਂ ਨੂੰ ਪਿੰਡ ਪਿੰਡ ਮੈਂਬਰਸ਼ਿਪ ਕਰਨ ਲਈ ਕੋਟਾ ਵੰਡ ਕੀਤੀ ਗਈ। ਫੈਸਲਾ ਕੀਤਾ ਗਿਆ ਕਿ ਮਨਰੇਗਾ ਵਰਕਰਾਂ, ਵੰਡ ਪ੍ਰਣਾਲੀ ਦੀਆਂ ਘਾਟਾਂ ਅਤੇ ਹੋਰ ਗਰੀਬਾਂ ਦੇ ਮਸਲੇ ਲੈ ਕੇ 16 ਦਸੰਬਰ 2022 ਨੂੰ ਬੀ.ਡੀ.ਪੀ.ਓ. ਦੇ ਦਫਤਰਾਂ ਅੱਗੇ ਵੱਡਾ ਧਰਨਾ ਮਾਰ ਕੇ ਪੰਜਾਬ ਸਰਕਾਰ ਨੂੰ ਮੰਗ ਪੱਤਰ ਭੇਜਿਆਂ ਜਾਵੇਗਾ। ਇਹ ਫੈਸਲਾ ਵੀ ਕੀਤਾ ਕਿ ਇਸ ਧਰਨੇ ਦੀ ਤਿਆਰੀ ਲਈ ਵੇਹੜਾ ਮੀਟਿੰਗਾਂ ਕੀਤੀਆਂ ਜਾਣ ਅਤੇ ਫੰਡ ਇਕੱਠਾ ਕੀਤਾ ਜਾਵੇ। ਸਾਥੀਆਂ ਦਾ ਵਿਚਾਰ ਧਾਰਕ ਪੱਧਰ ਉਚਾ ਕਰਨ ਅਤੇ ਜੱਥੇਬੰਦੀ ਦੇ ਕੰਮ ਕਾਜ ਵਿੱਚ ਬੇਹਤਰੀ ਲਿਆਉਣ ਲਈ ਤਹਿਸੀਲ ਪੱਧਰ ਦੇ ਸਾਥੀਆਂ ਦਾ ਸਕੂਲ ਲਾਇਆ ਜਾਵੇਗਾ। ਪੰਜਾਬ ਪੱਧਰ ਦਾ ਸਕੂਲ ਜੋ ਜਲੰਧਰ ਵਿੱਚ 20-21 ਦਸੰਬਰ ਨੂੰ ਲਾਇਆ ਜਾ ਰਿਹਾ ਹੈ ਵਿੱਚ ਸਾਥੀਆਂ ਨੂੰ ਸ਼ਾਮਲ ਹੋਣ ਲਈ ਕਿਹਾ ਗਿਆ। ਇਸ ਸਮੇਂ ਮਹਿੰਦਰ ਸਿੰਘ ਭੀਲੋਵਾਲ, ਧਰਮਪਾਲ, ਜੋਗਿੰਦਰ ਲਾਲ ਰਾਜਪੁਰ ਭਾਈਆਂ, ਰਾਜ ਰਾਣੀ ਅਤੇ ਬਲਵਿੰਦਰ ਸਿੰਘ ਹਾਜ਼ਰ ਸਨ।

ਸਟੇਟ ਪੱਧਰ 'ਤੇ ਬੈਡਮਿੰਟਨ ਮੁਕਾਬਲੇ 23 ਤੋਂ

ਟਾਂਡਾ ਉੜਮੁੜ (ਉਕਾਰ ਸਿੰਘ, ਜਸਵਿੰਦਰ ਸੰਧੂ)

ਸਟੇਟ ਪੱਧਰ 'ਤੇ 23 ਤੋਂ 26 ਨਵੰਬਰ ਤੱਕ ਹੋ ਰਹੀਆਂ ਵੱਖ-ਵੱਖ ਖੇਡਾਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਟਰੇਨਿੰਗ ਦੇਣ ਲਈ ਜਿਲ੍ਹਾ ਸਿੱਖਿਆ ਅਫਸਰ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ ਦੀ ਪਾਲਣਾ ਕਰਦੇ ਹੋਏ ਪਥਿਆਲ ਸਕੂਲ ਦੇ ਲੈਕਚਰਾਰ ਜਗਜੀਤ ਸਿੰਘ ਦੀ ਅਗਵਾਈ ਵਿਚ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਟਾਂਡਾ ਵਿਖੇ ਅੰਡਰ 17 ਦੇ ਬੈਡਮਿੰਟਨ ਖਿਡਾਰੀਆਂ ਨੂੰ ਕੋਚਿੰਗ ਦੇਣ ਲਈ 16 ਤੋਂ 21 ਨਵੰਬਰ ਤੱਕ

21-NOV-PAGE-10.qxd 11/20/2022 9:58 PM Page 1

ਵਿਧਾਇਕਾਂ ਤੇ ਮੰਤਰੀਆਂ ਦੇ ਦਫ਼ਤਰਾਂ/ਘਰਾਂ ਅੱਗੇ ਅਰਥੀ ਫੂਕ ਮੁਜ਼ਾਹਰੇ ਹੋਣਗੇ

ਜਲਾਲਾਬਾਦ, (ਜੀਤ ਕੁਮਾਰ) ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਸੂਬਾ ਆਗੂਆਂ ਵਰਿੰਦਰ ਸਿੰਘ ਮੋਮੀ, ਜਗਰੂਪ ਸਿੰਘ, ਸ਼ੇਰ ਸਿੰਘ ਖੰਨਾ, ਗੁਰਵਿੰਦਰ ਸਿੰਘ ਪੰਨੂੰ, ਬਲਿਹਾਰ ਸਿੰਘ, ਸਿਮਰਨਜੀਤ ਸਿੰਘ ਨੀਲੋਂ, ਰਮਨਪ੍ਰੀਤ ਕੌਰ ਮਾਨ, ਜਸਪ੍ਰੀਤ ਸਿੰਘ ਗਗਨ, ਸੁਰਿੰਦਰ ਕੁਮਾਰ, ਪਵਨਦੀਪ ਸਿੰਘ ਅਤੇ ਪ੍ਰੈਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਨੇ ਕਿਹਾ ਕਿ ਪੂਰੇ ਪੰਜਾਬ 'ਚ ਲਗਭਗ 20 ਵਿਧਾਇਕਾਂ ਅਤੇ ਮੰਤਰੀਆਂ ਦੇ ਦਫਤਰਾਂ ਅੱਗੇ ਵਿਸ਼ਾਲ ਇਕੱਠ ਕਰਕੇ ਪਹਿਲਾਂ ਰੋਹ ਭਰਪੂਰ ਰੈਲੀਆਂ ਕੀਤੀਆਂ ਜਾਣਗੀਆਂ ਅਤੇ ਇਸਤੋਂ ਬਾਅਦ ਪੰਜਾਬ ਸਰਕਾਰ ਦੀਆਂ ਇਨ੍ਹਾਂ ਥਾਵਾਂ 'ਤੇ ਅਰਥੀਆਂ ਸਾੜ ਕੇ ਠੇਕਾ ਮੁਲਾਜ਼ਮ ਪੰਜਾਬ ਸਰਕਾਰ ਦੀਆਂ ਠੇਕਾ ਮੁਲਾਜ਼ਮਾਂ ਦੀਆਂ ਅਹਿਮ ਮੰਗਾਂ ਮੰਨਣ ਦੀ ਥਾਂ ਉਨ੍ਹਾਂ ਦੇ ਹੱਕੀ ਸੰਘਰਸ ਨੂੰ ਆਪਣੀਆਂ ਲਮਕਾਉਣ, ਟਰਕਾਉਣ ਤੇ ਪਾਟਕ ਪਾਊ ਚਾਲਾਂ ਰਾਹੀਂ ਸੰਘਰਸ਼ ਨੂੰ ਖਿੰਡਾਉਣ ਦੀਆਂ ਸਾਜ਼ਿਸ਼ਾਂ ਵਿਰੁੱਧ ਆਪਣੇ ਤਿੱਖੇ ਗੁੱਸੇ ਦਾ ਪ੍ਰਗਟਾਵਾ ਕਰਨਗੇ ਤੇ ਨਾਲ ਹੀ ਇਸ ਹੱਕੀ ਸੰਘਰਸ਼ ਨੂੰ ਜਿੱਤ ਤੱਕ ਜਾਰੀ ਰੱਖਣ ਦਾ ਅਹਿਦ ਦੁਹਰਾਉਣਗੇ।

ਆਗੂਆਂ ਨੇ ਦੱਸਿਆ ਕਿ ਅਸੀਂ ਹਜ਼ਾਰਾਂ ਦੀ ਗਿਣਤੀ 'ਚ ਠੇਕਾ ਮੁਲਾਜ਼ਮ ਲਗਭਗ ਪਿਛਲੇ ਲੰਬੇ ਸਮੇਂ ਤੋਂ ਸਰਕਾਰੀ ਵਿਭਾਗਾਂ 'ਚ ਬਤੌਰ ਆਊਟਸੋਰਸਡ, ਇਨਲਿਸਟਮੈਂਟ, ਠੇਕੇਦਾਰਾਂ, ਕੰਪਨੀਆਂ ਤੇ ਸੁਸਾਇਟੀਆਂ ਅਧੀਨ ਕੰਮ ਕਰਦੇ ਆ ਰਹੇ ਹਾਂ। ਕੰਮ ਪੱਕਾ ਹੋਣ ਦੇ ਬਾਵਜੂਦ ਸਾਨੂੰ ਇਨ੍ਹਾਂ ਵਿਭਾਗਾਂ 'ਚ ਪੱਕੇ ਨਹੀਂ ਕੀਤਾ ਜਾ ਰਿਹਾ। ਮੌਜੂਦਾ ਪੰਜਾਬ ਸਰਕਾਰ ਜਿਹੜੀ ਬਦਲਾਅ ਦੇ ਧੋਖੇ ਹੇਠ ਸੱਤਾ ਦੀ ਕੁਰਸੀ ਤੇ ਵਿਰਾਜਮਾਨ ਹੋਈ ਹੈ। ਇਹ ਗੱਲਬਾਤ ਰਾਹੀਂ ਮਸਲੇ ਹੱਲ ਕਰਨ ਦੀ ਥਾਂ ਆਪਣੀ ਲਮਕਾਉਣ ਟਰਕਾਉਣ ਤੇ ਪਾਟਕ ਪਾਉਣ ਦੀ ਗੰਦੀ ਨੀਤੀ ਰਾਹੀਂ ਸੰਘਰਸ਼ ਨੂੰ ਕੁਚਲਣ ਅਤੇ ਕਮਜੋਰ ਕਰਨ ਦੀਆਂ ਸਾਜ਼ਿਸ਼ਾਂ 'ਚ ਪਿਛਲੀਆਂ ਸਰਕਾਰਾਂ ਨੂੰ ਵੀ ਮਾਤ ਦੇ ਰਹੀ ਹੈ।

ਠੇਕਾ ਮੋਰਚੇ ਦੇ ਪਲੇਟਫਾਰਮ ਤੋਂ ਇਸ ਸਰਕਾਰ ਦੇ ਹਰ ਇਕ ਵਿਧਾਇਕ ਅਤੇ ਮੰਤਰੀਆਂ ਰਾਹੀਂ ਘੱਟੋ ਘੱਟ 20 ਮੰਗ ਪੱਤਰ ਅਤੇ ਯਾਦ ਪੱਤਰ ਦਿੱਤੇ ਗਏ, ਪਰ ਇਸ ਸਰਕਾਰ ਨੇ ਸਾਜਸ਼ੀ ਢੰਗ-ਤਰੀਕਿਆਂ ਤਹਿਤ ਪੱਤਰ ਲਿਖ ਕੇ 6 ਵਾਰ ਲਿਖਤੀ ਮੀਟਿੰਗ ਦਾ ਸਮਾਂ ਦੇ ਕੇ ਐਨ ਮੌਕੇ 'ਤੇ ਜਾ ਕੇ ਜ਼ਰੂਰੀ ਰੁਝੇਵਿਆਂ ਦੇ ਬਹਾਨੇ ਹੇਠ ਗੱਲਬਾਤ ਕਰਨ ਤੋਂ ਲਗਾਤਾਰ ਇਨਕਾਰ ਕੀਤਾ ਹੈ। ਮੋਰਚੇ ਦੇ ਆਗੂਆਂ ਵੱਲੋਂ ਪੰਜਾਬ ਭਰ ਦੇ ਸਮੂਹ ਠੇਕਾ ਮੁਲਾਜ਼ਮਾਂ ਨੂੰ ਜ਼ੋਰਦਾਰ ਅਪੀਲ ਕੀਤੀ ਗਈ ਕਿ ਸੰਘਰਸ਼ ਹੀ ਸਾਡੇ ਕੋਲ ਇਕੋ ਇੱਕ ਠੀਕ ਰਾਹ ਹੈ, ਜਿਸ 'ਤੇ ਚੱਲ ਕੇ ਅਸੀਂ ਪੱਕੇ ਰੁਜ਼ਗਾਰ ਦੀ ਪ੍ਰਾਪਤੀ ਤੇ ਖਤਰੇ ਮੂੰਹ ਆ ਚੁੱਕੇ ਠੇਕਾ ਰੁਜ਼ਗਾਰ ਦੀ ਰਾਖੀ ਕਰ ਸਕਾਂਗੇ, ਜਿਸ ਲਈ ਵਿਸ਼ਾਲ ਏਕਤਾ ਤੇ ਤਿੱਖੇ ਸੰਘਰਸ਼ ਸਮੇਂ ਦੀ ਅਣਸਰਦੀ ਲੋੜ ਹੈ। ਜਿਸ ਦੀ ਰਾਖੀ ਕਰਨੀ ਸਾਡੀ ਅਹਿਮ ਜਰੂਰਤ ਹੈ। ਇਸ ਲਈ ਮੋਰਚੇ ਵੱਲੋਂ 21 ਨਵੰਬਰ ਨੂੰ ਸਰਕਾਰ ਦੇ ਮੰਤਰੀਆਂ ਤੇ ਵਿਧਾਇਕਾਂ ਦੇ ਘਰਾਂ ਅਤੇ ਦਫਤਰਾਂ ਮੁਹਰੇ ਦਿੱਤੇ ਸੰਘਰਸ਼ ਸੱਦੇ ਨੂੰ ਪੂਰਾ ਤਾਣ ਲਾ ਕੇ ਸਫਲ ਬਣਾਉਣਾ ਜ਼ਰੂਰੀ ਹੈ।

ਫਸਟ ਚੁਆਇਸ ਆਇਲੈਟਸ ਸੈਂਟਰ ਦੀ ਵਿਦਿਆਰਥਣ ਨੇ ਪ੍ਰਾਪਤ ਕੀਤੇ 7 ਬੈਂਡ

ਮਹਿਲ ਕਲਾਂ, (ਗੁਰਪ੍ਰੀਤ ਅਣਖੀ, ਬਲਵਿੰਦਰ ਵਜੀਦਕੇ) ਇਮੀਗ੍ਰੇਸ਼ਨ ਤੇ ਆਇਲੈਟਸ ਸੰਸਥਾ ਫਸਟ ਚੁਆਇਸ ਇਮੀਗ੍ਰੇਸ਼ਨ ਤੇ ਆਇਲੈਟਸ ਇੰਸਟੀਚਿਊਟ ਦੀ ਵਿਦਿਆਰਥਣ ਕੁਲਵੀਰ ਕੌਰ ਪੁੱਤਰੀ ਸੁਖਚੈਨ ਸਿੰਘ ਦਿਉਲ ਵਾਸੀ ਮਹਿਲ ਕਲਾਂ (ਬਰਨਾਲਾ) ਨੇ ਆਈਲੈੱਟਸ ਵਿਚੋਂ 7.0 ਬੈਂਡ ਪ੍ਰਾਪਤ ਕਰ ਕੇ ਆਪਣਾ ਕੈਨੇਡਾ ਜਾਣ ਦਾ ਸੁਪਨਾ ਸਾਕਾਰ ਕੀਤਾ।

ਵਿਦਿਆਰਥਣ ਕੁਲਵੀਰ ਕੌਰ ਅਤੇ ਉਨ੍ਹਾਂ ਦੇ ਮਾਪਿਆਂ ਨੇ ਬੜੇ ਹੀ ਖੁਸ਼ੀ ਭਰੇ ਲਹਿਜੇ ਵਿੱਚ ਕਿਹਾ ਕਿ 7.0 ਬੈਂਡ ਪ੍ਰਾਪਤ ਕਰਨ ਵਿੱਚ ਇਸ ਸੰਸਥਾ ਦੇ ਮਿਹਨਤੀ ਸਟਾਫ ਦਾ ਬਹੁਤ ਵੱਡਾ ਹੱਥ ਹੈ। ਸੰਸਥਾ ਦੇ ਡਾਇਰੈਕਟਰ ਜਗਜੀਤ ਸਿੰਘ ਮਾਹਲ ਨੇ ਕਿਹਾ ਕਿ ਵਿਦਿਆਰਥੀ ਹਮੇਸ਼ਾ ਮਾਨਤਾ ਪ੍ਰਾਪਤ ਸੰਸਥਾ ਕੋਲੋਂ ਹੀ ਕੋਚਿੰਗ ਲੈਣ ਅਤੇ ਆਪਣੀ ਫਾਈਲ ਪ੍ਰੋਸੈਸਿੰਗ ਕਰਾਉਣ ਤਾਂ ਜੁ ਭਵਿੱਖ ਵਿੱਚ ਕਿਸੇ ਪ੍ਰਕਾਰ ਦਾ ਨੁਕਸਾਨ ਨਾ ਝੱਲਣਾ ਪਵੇ। ਇਸ ਮੌਕੇ ਲਵਲੀਨ ਕੌਸ਼ਿਕ, ਹਰਮਨਪ੍ਰੀਤ ਕੌਰ, ਰੁਪਿੰਦਰ ਕੌਰ, ਨਰਿੰਦਰ ਕੌਰ, ਲਵਪ੍ਰੀਤ ਕੌਰ, ਸੁਖਪ੍ਰੀਤ ਕੌਰ, ਰਾਜ ਸਿੰਘ ਤੇ ਰਾਣੀ ਕੌਰ ਆਦਿ ਹਾਜ਼ਰ ਸਨ।

ਐੱਨ ਆਰ ਆਈ ਲੋਕਾਂ ਦਾ ਸਮਾਜ ਸੇਵਾ 'ਚ ਵੱਡਾ ਯੋਗਦਾਨ : ਸੰਜੀਵ ਗੋਇਲ

ਭੀਖੀ, (ਧਰਮਵੀਰ ਸ਼ਰਮਾ) ਸੁਨਾਮ ਰੋਡ 'ਤੇ ਸਥਿਤ ਦੀ ਹੈਰੀਟੇਜ਼ ਇੰਟਰਨੈਸ਼ਨਲ ਸਕੂਲ ਵਿਖੇ ਗਿਆਨ ਚੰਦ ਸਿੰਗਲਾ ਵਧਾਵੇਕੇ ਅਮਰੀਕਾ ਵਾਲਿਆਂ ਵੱਲੋਂ 10ਵਾਂ ਵਿਸ਼ਾਲ ਅੱਖਾਂ ਦਾ ਮੁਫ਼ਤ ਚੈੱਕਅੱਪ ਅਤੇ ਆਪ੍ਰੇਸ਼ਨ ਕੈਂਪ ਲਾਇਆ ਗਿਆ। ਸਮਾਗਮ ਵਿੱਚ ਸੰਜੀਵ ਗੋਇਲ ਡੀ.ਐਸ.ਪੀ. ਮਾਨਸਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਦਕਿ ਜਗਦੀਸ਼ ਸ਼ਰਮਾ (ਇੰਚਾਰਜ ਸੀ.ਆਈ.ਏ. ਮਾਨਸਾ), ਦੀਦੀ ਰੁਪਿੰਦਰ (ਬ੍ਰਹਮਕੁਮਾਰੀ ਆਸ਼ਰਮ ਭੀਖੀ) ਤੋਂ ਇਲਾਵਾ ਸਾਬਕਾ ਆਈ.ਜੀ. ਅਮਰ ਸਿੰਘ ਚਹਿਲ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਮੁੱਖ ਮਹਿਮਾਨ ਡੀਐਸਪੀ ਸੰਜੀਵ ਗੋਇਲ ਨੇ ਕਿਹਾ ਕਿ ਐਨਆਰਆਈ ਲੋਕਾਂ ਦਾ ਸਮਾਜ ਸੇਵਾ ਵਿੱਚ ਵੱਡਾ ਯੋਗਦਾਨ ਹੈ ਤੇ ਉਹ ਬਾਹਰਲੇ ਦੇਸ਼ਾਂ ਵਿੱਚ ਰਹਿਕੇ ਆਪਣੇ ਵਤਨ ਦੀ ਮਿੱਟੀ ਨਾਲ ਜੁੜੇ ਹੋਏ ਹਨ। ਇਸ ਮੌਕੇ ਐਨਆਰਆਈ ਗਿਆਨ ਚੰਦ ਸਿੰਗਲਾ ਨੇ ਕਿਹਾ ਕਿ ਮਾਨਵਤਾ ਭਲਾਈ ਦੇ ਕੰਮ ਕਰਦੇ ਹੋਏ ਉਨ੍ਹਾਂ ਦੇ ਮਨ ਨੂੰ ਸਕੂਨ ਅਤੇ ਸ਼ਾਂਤੀ ਮਿਲਦੀ ਹੈ, ਜਿਸ ਸਦਕਾ ਉਹ ਹੋਰਨਾਂ ਭਲਾਈ ਕਾਰਜਾਂ ਦੇ ਨਾਲ-ਨਾਲ ਹਰ ਸਾਲ ਲੋੜਵੰਦ ਲੋਕਾਂ ਦੀ ਸਹਾਇਤਾ ਲਈ ਅੱਖਾਂ ਦਾ ਕੈਂਪ ਲਵਾਉਂਦੇ ਹਨ।

ਉਨ੍ਹਾਂ ਕਿਹਾ ਕਿ ਮਨੁੱਖਤਾ ਦੀ ਸੇਵੀ ਹੀ ਉੱਤਮ ਸੇਵਾ ਹੈ। ਹੋਰ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਅਜਿਹੇ ਕੈਂਪਾਂ ਦਾ ਹਰ ਲੋੜਵੰਦ ਵਿਅਕਤੀ ਨੂੰ ਲਾਹਾ ਲੈਣਾ ਚਾਹੀਦਾ ਹੈ। ਉਨ੍ਹਾਂ ਸ਼੍ਰੀ ਗਿਆਨ ਚੰਦ ਸਿੰਗਲਾ ਵੱਲੋਂ ਸਮਾਜ ਸੇਵੀ ਕੰਮਾਂ ਵਿੱਚ ਪਾਏ ਜਾ ਰਹੇ ਅਹਿਮ ਯੋਗਦਾਨ ਦੀ ਪ੍ਰਸੰਸਾ ਵੀ ਕੀਤੀ। ਕੈਂਪ ਦੌਰਾਨ ਗਲੋਬਲ ਆਈ ਕੇਅਰ ਹਸਪਤਾਲ ਪਟਿਆਲਾ ਤੋਂ ਅੱਖਾਂ ਦੇ ਮਾਹਰ ਡਾ. ਮਨਪ੍ਰੀਤ ਸਿੰਘ ਅਤੇ ਡਾ. ਹਿਮਾਂਸ਼ੂ ਗੋਇਲ ਨੇ 300 ਦੇ ਕਰੀਬ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ, ਜਿਨ੍ਹਾਂ ਵਿੱਚੋਂ 115 ਮਰੀਜ਼ਾਂ ਨੂੰ ਅੱਖਾਂ ਦਾ ਆਪ੍ਰੇਸ਼ਨ ਕੀਤੇ ਜਾਣ ਲਈ ਚੁਣਿਆ ਗਿਆ।

ਇਸ ਕੈਂਪ ਵਿੱਚ ਨਗਰ ਪੰਚਾਇਤ ਪ੍ਰਧਾਨ ਵਿਨੋਦ ਕੁਮਾਰ ਸਿੰਗਲਾ, ਹੈਰੀਟੇਜ ਸਕੂਲ ਦੇ ਚੇਅਰਮੈਨ ਸੁਰੇਸ਼ ਸਿੰਗਲਾ, ਰਮੇਸ਼ ਕੁਮਾਰ ਬੂਦੀ, ਸੁਰਿੰਦਰ ਕੁਮਾਰ ਛਿੰਦੀ, ਪ੍ਰਸ਼ੋਤਮ ਮੱਤੀ, ਭੀਮ ਸੈਨ ਬਾਂਸਲ, ਮਲਕੀਤ ਸਿੰਘ ਸਾਬਕਾ ਐਮਸੀ ਆਦਿ ਵੀ ਹਾਜ਼ਰ ਸਨ।

ਕਾਤਰਾਂ

ਦਲਵੀਰ ਸਿੰਘ ਗੋਲਡੀ ਬਣੇ ਜ਼ਿਲ੍ਹਾ ਕਾਂਗਰਸ ਪ੍ਰਧਾਨ

ਧੂਰੀ (ਸੁਖਦੇਵ ਧੂਰੀ) ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵਿੱਚ ਬਦਲਾਅ ਤਹਿਤ 28 ਨਵੇਂ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤੇ ਗਏ ਹਨ, ਜਿਸ ਤਹਿਤ ਸੰਗਰੂਰ ਜ਼ਿਲ੍ਹਾ ਪ੍ਰਧਾਨ ਦੀ ਜ਼ਿੰਮੇਵਾਰੀ ਸਾਬਕਾ ਐਮ.ਐਲ.ਏ ਦਲਵੀਰ ਸਿੰਘ ਗੋਲਡੀ ਨੂੰ ਦਿੱਤੀ ਗਈ ਹੈ। ਇਸ ਨਿਯੁਕਤੀ ਨਾਲ ਜਿਥੇ ਧੂਰੀ ਹਲਕੇ ਦੇ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਹੈ, ਉਥੇ ਸੰਗਰੂਰ ਲੋਕ ਸਭਾ ਹਲਕੇ ਵਿਚ ਵੀ ਗੋਲਡੀ ਨੂੰ ਪਿਆਰ ਕਰਨ ਵਾਲੇ ਕਾਂਗਰਸੀ ਆਗੂਆਂ ਤੇ ਅਹੁਦੇਦਾਰਾਂ ਦੇ ਚਿਹਰਿਆਂ 'ਤੇ ਖੁਸ਼ੀ ਦੇਖਣ ਨੂੰ ਮਿਲੀ। ਜ਼ਿਲ੍ਹਾ ਪ੍ਰਧਾਨ ਦਲਵੀਰ ਸਿੰਘ ਗੋਲਡੀ ਨੇ ਕਿਹਾ ਉਹ ਕਾਂਗਰਸ ਪਾਰਟੀ ਵੱਲੋਂ ਮਿਲੀ ਜ਼ਿੰਮੇਵਾਰੀ ਨੂੰ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ। ਪਾਰਟੀ ਦੀ ਕਾਮਯਾਬੀ ਦੇ ਲਈ ਦਿਨ ਰਾਤ ਮਿਹਨਤ ਕਰਨਗੇ ਅਤੇ ਹਰ ਵਰਕਰ ਅਤੇ ਅਹੁਦੇਦਾਰ ਕੋਲ ਪਹੁੰਚ ਕਰਨਗੇ।

ਕੁੱਟਮਾਰ ਦੇ ਦੋਸ਼ 'ਚ 4 ਖਿਲਾਫ਼ ਮਾਮਲਾ ਦਰਜ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਪਿੰਡ ਬੂਟੇ ਵਾਲਾ ਵਿਖੇ ਇਕ ਰਾਜ ਮਿਸਤਰੀ ਦੀ ਕੁੱਟਮਾਰ ਕਰਕੇ ਜ਼ਖਮੀਂ ਕਰਨ ਦੇ ਦੋਸ਼ ਵਿਚ ਪੁਲਸ ਨੇ 2 ਬਾਏ ਨੇਮ ਵਿਅਕਤੀਆਂ ਸਮੇਤ 2 ਅਣਪਛਾਤੇ ਵਿਅਕਤੀਆਂ ਖਿਲਾਫ਼ 452, 323, 506, 34 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਹਰਮਨਦੀਪ ਸਿੰਘ ਪੁੱਤਰ ਹਰਜੀਤ ਸਿੰਘ ਵਾਸੀ ਪਿੰਡ ਬੂਟੇ ਵਾਲਾ ਨੇ ਦੱਸਿਆ ਕਿ ਉਹ ਆਪਣੇ ਪਰਿਵਾਰ ਸਮੇਤ ਘਰ ਵਿਚ ਮੌਜੂਦ ਸੀ ਤੇ ਸੁਨੀਲ ਮਿਸਤਰੀ ਵਾਸੀ ਫਿਰੋਜ਼ਪੁਰ, ਜੋ ਰਾਜ ਮਿਸਤਰੀ ਦਾ ਕੰਮ ਕਰਦਾ ਹੈ, ਜਿਸ ਨੇ ਠੇਕੇਦਾਰ ਪੰਜਾਬ ਮੰਡੀ ਬੋਰਡ ਤੋਂ ਪਾਣੀ ਦੇ ਨਿਕਾਸ ਲਈ ਨਾਲੀਆਂ ਬਨਾਉਣ ਦਾ ਠੇਕਾ ਲਿਆ ਹੈ। ਸੁਨੀਲ ਮਿਸਤਰੀ ਜੋ ਉਨ੍ਹਾਂ ਦੇ ਘਰ ਦੇ ਅੱਗੇ ਨਾਲੀ ਬਣਾ ਰਿਹਾ ਸੀ ਤਾਂ ਸਤਨਾਮ ਸਿੰਘ ਪੁੱਤਰ ਜਸਵਿੰਦਰ ਸਿੰਘ, ਪਲਵਿੰਦਰ ਸਿੰਘ ਪੁੱਤਰਾਨ ਸੁੱਖਾ ਸਿੰਘ ਵਾਸੀਅਨ ਬੂਟੇ ਵਾਲਾ ਨੇ ਹਮਮਸ਼ਵਰਾ ਹੋ ਕੇ ਉਸ ਦੇ ਘਰ ਜਾ ਕੇ ਉਸ ਦੀ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ ਅਤੇ ਧਮਕੀਆਂ ਦਿੱਤੀਆਂ।

ਇਸ ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਸੁਖਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

ਹਰਮਨਜੋਤ ਸਿੱਧੂ ਨਮਿਤ ਭੋਗ ਭਲਕੇ

ਲੌਂਗੋਵਾਲ (ਪ੍ਰਦੀਪ ਸੱਪਲ) ਸਮਾਜ ਸੇਵਕ ਚਮਕੌਰ ਸਿੰਘ ਸਿੱਧੂ ਜੈਦ ਪੱਤੀ ਲੌਂਗੋਵਾਲ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਇਕਲੌਤੇ ਪੁੱਤਰ ਹਰਮਨ ਸਿੰਘ ਜੋਤ ਦਾ ਭਰੀ ਜਵਾਨੀ ਵਿੱਚ ਦਿਹਾਂਤ ਹੋ ਗਿਆ। ਜੋਤ ਦੀ ਇਸ ਬੇਵਕਤੀ ਮੌਤ 'ਤੇ ਸਾਬਕਾ ਮੰਤਰੀ ਭਾਈ ਗੋਬਿੰਦ ਸਿੰਘ ਲੌਂਗੋਵਾਲ, ਹਰਜੀਤ ਸਿੰਘ ਗਿੱਲ ਸਾਬਕਾ ਐਮ ਸੀ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਹਲਕਾ ਇੰਚਾਰਜ ਅੰਮ੍ਰਿਤਪਾਲ ਸਿੱਧੂ, ਅਮਰਜੀਤ ਸਿੰਘ ਗਿਆਨੀ, ਨਗਰ ਕੌਂਸਲ ਦੇ ਪ੍ਰਧਾਨ ਰਿਤੂ ਗੋਇਲ, ਵਿਜੈ ਗੋਇਲ ਕਾਲਾ ਮਿੱਤਲ, ਸੰਜੇ ਸੈਣ ਤੋਂ ਇਲਾਵਾ ਬਹੁਤ ਸਾਰੇ ਸਮਾਜ ਸੇਵੀਆਂ ਨੇ ਅਫਸੋਸ ਪ੍ਰਗਟ ਕੀਤਾ ਹੈ। ਜੋਤ ਨਮਿੱਤ ਰੱਖੇ ਗਏ ਸਹਿਜ ਪਾਠ ਦੇ ਭੋਗ 22 ਨਵੰਬਰ ਨੂੰ ਗੁਰਦੁਆਰਾ ਕੈਂਬੋਵਾਲ ਸਾਹਿਬ ਵਿਖੇ ਪੈਣਗੇ।

ਗਲਤ ਵਸੀਅਤਾਂ ਬਣਾ ਕੇ ਕੀਤਾ ਧੋਖਾ, 5 ਖਿਲਾਫ਼ ਮਾਮਲਾ ਦਰਜ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)- ਪਿੰਡ ਰੁਕਨਸ਼ਾਹ ਵਾਲਾ ਵਿਖੇ ਜ਼ਮੀਨ, ਕੋਠੀ ਤੇ ਹਵੇਲੀ ਦਾ ਗਲਤ ਵਸੀਅਤਾਂ ਬਣਾ ਕੇ ਇਕ ਵਿਅਕਤੀ ਨਾਲ ਧੋਖਾ ਕਰਨ ਦੀ ਖ਼ਬਰ ਮਿਲੀ ਹੈ। ਇਸ ਸਬੰਧ ਵਿਚ ਥਾਣਾ ਸਦਰ ਫਿਰੋਜ਼ਪੁਰ ਪੁਲਿਸ ਨੇ 5 ਲੋਕਾਂ ਖਿਲਾਫ਼ 419, 420, 465, 467, 468, 471, 120-ਬੀ ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਏਐੱਸਆਈ ਗੁਰਨਾਮ ਸਿੰਘ ਨੇ ਦੱਸਿਆ ਕਿ ਇਕ ਦਰਖਾਸਤ ਨੰਬਰ 1314 ਪੀਸੀ ਵੱਲੋਂ ਦਲਬੀਰ ਸਿੰਘ ਪੁੱਤਰ ਗੁਰਮੁੱਖ ਸਿੰਘ ਵਾਸੀ ਪਿੰਡ ਰੁਨਕਸ਼ਾਹ ਵਾਲਾ ਵੱਲੋਂ ਮੌਸੂਲ ਹੋਈ ਕਿ ਦੋਸ਼ੀਅਨ ਜਗਜੀਤ ਕੌਰ ਪਤਨੀ ਸਵਰਨ ਸਿੰਘ ਵਾਸੀ ਨਟਕਾ ਫਤਿਆਬਾਦ (ਹਰਿਆਣਾ), ਸ਼ੋਭਾ ਸਿੰਘ ਪੁੱਤਰ ਹਰਭਜਨ ਸਿੰਘ ਬਰਮਨ ਗੱਟੀ ਵਿਕਾਸ ਵਿਹਾਰ ਫਿਰੋਜ਼ਪੁਰ, ਜਸਪਿੰਦਰ ਸਿੰਘ ਪੁੱਤਰ ਹਰਜੀਤ ਸਿੰਘ ਵਾਸੀ ਆਨੰਦ ਐਵੀਨਓ ਫ਼ਿਰੋਜ਼ਪੁਰ, ਸੁਖਵੰਤ ਸਿੰਘ ਪੁੱਤਰ ਸੋਹਨ ਸਿੰਘ ਵਾਸੀ ਧਵਨ ਕਾਲੋਨੀ ਫਿਰੋਜ਼ਪੁਰ ਅਤੇ ਰਾਜਵਿੰਦਰ ਕੌਰ ਪਤਨੀ ਸ਼ੋਭਾ ਸਿੰਘ ਬਰਮਨ ਗੱਟੀ ਵਿਕਾਸ ਵਿਹਾਰ ਫਿਰੋਜ਼ਪੁਰ ਨੇ ਸਾਜ਼ ਬਾਜ਼ ਹੋ ਕੇ ਦਰਖਾਸਤੀ ਤੇ ਇਸ ਦੇ ਬੇਟੇ ਏਕਮਪ੍ਰੀਤ ਸਿੰਘ ਨਾਲ ਜ਼ਮੀਨ, ਕੋਠੀ ਤੇ ਹਵੇਲੀ ਵਗੈਰਾ ਦਾ ਗਲਤ ਵਸੀਅਤਾਂ ਬਣਾ ਕੇ ਆਪਣੇ ਨਾਂਅ ਲਵਾਉਣ ਕਾਰਨ ਧੋਖਾ ਕੀਤਾ ਹੈ।

ਸਰਕਾਰੀ ਸਕੂਲ ਮਸੀਤਾਂ 'ਚ ਲੜਕੀਆਂ ਨੂੰ ਕਿੱਟਾਂ ਵੰਡੀਆਂ

ਕੋਟ ਈਸੇ ਖਾਂ, (ਅਰੋੜਾ) ਕੇ.ਸੀ ਮਹਿੰਦਰਾ ਐਜੂਕੇਸ਼ਨ ਟਰੱਸਟ ਤੇ ਨੰਨੀ ਫਾਊਂਡੇਸ਼ਨ ਵੱਲੋਂ ਪੀ ਐੱਨ ਬੀ ਬੈਂਕ ਦੇ ਸਹਿਯੋਗ ਨਾਲ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੀਆਂ ਲੜਕੀਆਂ ਦੀ ਪੜ੍ਹਾਈ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਚਲਾਏ ਜਾ ਰਹੇ ਨੰਨੀ ਕਲੀ ਪ੍ਰਜੈਕਟ ਤਹਿਤ ਸਰਕਾਰੀ ਸਕੂਲ ਮਸੀਤਾਂ ਵਿੱਚ ਲੜਕੀਆਂ ਨੂੰ ਟਿਕਟਾਂ ਵੰਡੀਆਂ ਗਈਆਂ। ਇਸ ਮੌਕੇ ਸਕੂਲ ਦੇ ਮੁੱਖ ਅਧਿਆਪਕ ਰਕੇਸ਼ ਕੁਮਾਰ ਅਤੇ ਸਕੂਲ ਦੇ ਸਮੂਹ ਸਟਾਫ਼, ਜਿਨ੍ਹਾਂ ਵਿੱਚ ਨਿਰਮਲਜੀਤ ਸਿੰਘ, ਹੀਰਾ ਸਿੰਘ, ਹਰਵਿੰਦਰ ਕੌਰ ਤੇ ਮੈਡਮ ਰਾਜਵਿੰਦਰ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ, ਜਿਨ੍ਹਾਂ ਦੀ ਹਾਜ਼ਰੀ ਦੁਪਿੰਦਰ ਕੌਰ, ਪ

20-Nov-tPage 11-Majha.qxd 11/20/2022 10:02 PM Page 1

ਚੋਰੀ ਦੇ ਸਾਮਾਨ ਤੇ ਮੋਟਰਸਾਈਕਲ ਸਮੇਤ ਦੋ ਮੁਲਜ਼ਮ ਕਾਬੂ

ਆਦਮਪੁਰ (ਪਰਮਜੀਤ ਸਿੰਘ)-ਸਰਬਜੀਤ ਰਾਏ ਪੀ. ਪੀ. ਐੱਸ. ਉਪ ਪੁਲਸ ਕਪਤਾਨ ਸਬ-ਡਵੀਜ਼ਨ ਆਦਮਪੁਰ ਦੀ ਯੋਗ ਅਗਵਾਈ ਹੇਠ ਇੰਸ: ਹਰਦੀਪ ਸਿੰਘ ਮੁੱਖ ਅਫਸਰ ਥਾਣਾ ਆਦਮਪੁਰ ਦੀ ਪੁਲਸ ਪਾਰਟੀ ਵੱਲੋਂ 2 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਚੋਰੀ ਦੀਆਂ 3 ਕੈਨੀਆਂ ਸਰ੍ਹੋਂ ਦਾ ਤੇਲ ਵਜ਼ਨੀ 5 ਲੀਟਰ ਅਤੇ ਇੱਕ ਮੋਟਰਸਾਈਕਲ ਬਰਾਮਦ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸਰਬਜੀਤ ਰਾਏ ਉਪ ਪੁਲਸ ਕਪਤਾਨ ਸਬ-ਡਵੀਜ਼ਨ ਆਦਮਪੁਰ, ਜਲੰਧਰ (ਦਿਹਾਤੀ) ਨੇ ਦੱਸਿਆ ਕਿ 15-11-2022 ਨੂੰ ਇਕ ਮੁਕੱਦਮਾ ਨੰਬਰ 192 ਅ:ਧ 370,457 ਭ:ਦ ਦਰਜ ਰਜਿਸਟਰ ਕੀਤਾ ਗਿਆ ਸੀ ਜਿਸ ਵਿੱਚ ਦੋਸ਼ੀਆਂ ਦੁਆਰਾ ਇਕੋ ਰਾਤ 5 ਦੁਕਾਨਾਂ (ਮਹਿਮਦਪੁਰ, ਬਿਆਸ ਪਿੰਡ, ਅਲਾਵਲਪੁਰ) ਵਿੱਚ ਚੋਰੀ ਕਰਨ ਦੀ ਨੀਅਤ ਨਾਲ ਦੁਕਾਨਾਂ ਦੇ ਤਾਲੇ ਤੋੜੇ ਗਏ, ਪਰੰਤੂ ਕਾਮਯਾਬ ਨਹੀਂ ਹੋ ਸਕੇ ਪਰੰਤੂ ਇੱਕ ਕਰਿਆਨਾ ਸਟੋਰ (ਮਾਲਕ ਰਾਜ ਕੁਮਾਰ ਗੁਪਤਾ) ਦੇ ਨਾਮ ਨਾਲ ਮੇਨ ਬਜ਼ਾਰ ਅਲਾਵਲਪੁਰ ਵਿਚ ਸਥਿਤ ਹੈ, ਵਿੱਚ ਚੋਰ ਕਰਿਆਨੇ ਦਾ ਸਾਮਾਨ ਚੋਰੀ ਕਰਨ ਵਿਚ ਸਫਲ ਰਹੇ। ਦੋ ਦੋਸ਼ੀ ਜਿਨ੍ਹਾਂ ਦੇ ਨਾਮ ਮਾਈਕਲ ਪੁੱਤਰ ਹਰਦੇਵ ਦੇਵੀ ਅਤੇ ਵਿੱਕੀ ਪੁੱਤਰ ਪ੍ਰੇਮ ਮਸੀਹ ਵਾਸੀਆਨ ਬਹਿਰਾਮ ਸਰਿਸ਼ਤਾ ਥਾਣਾ ਭੋਗਪੁਰ, ਜਿਲ੍ਹਾ ਜਲੰਧਰ ਹਨ, ਨੂੰ ਕਾਬੂ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 3 ਕੈਨੀਆਂ ਸਰ੍ਹੋਂ ਦਾ ਤੇਲ ਵਜ਼ਨੀ 5 ਲੀਟਰ ਅਤੇ ਇੱਕ ਮੋਟਰਸਾਈਕਲ ਜੋ ਚੋਰੀ ਕਰਨ ਸਮੇਂ ਵਰਤਿਆ ਗਿਆ ਸੀ, ਨੂੰ ਬਰਾਮਦ ਕੀਤਾ।

ਦੋਸ਼ੀਆਂ ਦਾ ਪੁਲਸ ਰਿਮਾਂਡ ਹਾਸਲ ਕਰਕੇ ਮੁਕੱਦਮਾ ਹਜਾ ਦੇ ਦੋਸ਼ੀਆਂ ਪਾਸੋਂ ਸਖਤੀ ਨਾਲ ਪੁੱਛਗਿੱਛ ਕੀਤੀ ਜਾਵੇਗੀ ਕਿ ਉਨ੍ਹਾਂ ਦੁਆਰਾ ਹੋਰ ਕਿਹੜੀ-ਕਿਹੜੀ ਜਗ੍ਹਾ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਗਿਆ ਹੈ ਅਤੇ ਚੋਰੀਸ਼ੁਦਾ ਸਾਮਾਨ ਦੀ ਬਰਾਮਦਗੀ ਕੀਤੀ ਜਾਵੇਗੀ।

ਸਿੱਖ ਨੈਸ਼ਨਲ ਕਾਲਜ 'ਚ ਕਰਵਾਏ ਪੰਜਾਬੀ ਮਾਹ ਨੂੰ ਸਮਰਪਿਤ ਕਾਵਿ-ਉਚਾਰਨ ਤੇ ਭਾਸ਼ਣ ਮੁਕਾਬਲੇ

ਧਾਰੀਵਾਲ/ਕਾਦੀਆਂ (ਮਨਦੀਪ ਸਿੰਘ ਵਿੱਕੀ)-ਸਿੱਖ ਐਜੂਕੇਸ਼ਨਲ ਸੁਸਾਇਟੀ ਚੰਡੀਗੜ੍ਹ ਦੇ ਪ੍ਰਬੰਧ ਅਧੀਨ ਚੱਲ ਰਹੇ ਸਿੱਖ ਨੈਸ਼ਨਲ ਕਾਲਜ ਕਾਦੀਆਂ ਦੇ ਭਾਸ਼ਾ ਮੰਚ ਵਲੋਂ ਕਾਲਜ ਪ੍ਰਿੰਸੀਪਲ ਡਾ: ਹਰਪ੍ਰੀਤ ਸਿੰਘ ਹੁੰਦਲ ਦੀ ਅਗਵਾਈ ਹੇਠ ਪੰਜਾਬੀ ਮਹੀਨਾ ਮਨਾਉਂਦੇ ਹੋਏ ਕਾਲਜ ਕੈਂਪਸ ਅੰਦਰ ਮਾਂ-ਬੋਲੀ ਪੰਜਾਬੀ ਨਾਲ ਸਬੰਧਿਤ ਵੱਖ-ਵੱਖ ਪ੍ਰੋਗਰਾਮ ਅਤੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਕਰਵਾਏ ਜਾ ਰਹੇ ਹਨ। ਇਸੇ ਕੜੀ ਤਹਿਤ ਪੰਜਾਬੀ ਮਾਹ ਅਤੇ ਪੰਜਾਬੀ ਸੂਬੇ ਨੂੰ ਸਮਰਪਿਤ ਕਾਵਿ-ਉਚਾਰਨ ਅਤੇ ਭਾਸ਼ਣ ਮੁਕਾਬਲੇ ਕਾਲਜ ਸੈਮੀਨਾਰ ਹਾਲ ਵਿੱਚ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਸਬੰਧੀ ਕਰਵਾਏ ਸਮਾਗਮ ਵਿੱਚ ਕਾਲਜ ਦੀਆਂ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਤੋਂ ਇਲਾਵਾ ਭਾਸ਼ਾ ਮੰਚ ਨਾਲ ਜੁੜੇ ਸਮੂਹ ਅਹੁਦੇਦਾਰਾਂ ਅਤੇ ਅਧਿਆਪਕ ਨੇ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ। ਸਮਾਗਮ ਵਿੱਚ ਪ੍ਰਿੰਸੀਪਲ ਡਾ: ਹਰਪ੍ਰੀਤ ਸਿੰਘ ਹੁੰਦਲ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਭਾਸ਼ਾ ਮੰਚ ਦੇ ਸਰਪ੍ਰਸਤ ਪ੍ਰੋ. ਹਰਜਿੰਦਰ ਸਿੰਘ ਵਲੋਂ ਸਮਾਗਮ ਦੌਰਾਨ ਮੁੱਖ ਮਹਿਮਾਨ ਅਤੇ ਅਧਿਆਪਕਾਂ ਦਾ ਸਵਾਗਤ ਕੀਤਾ ਗਿਆ। ਭਾਸ਼ਾ ਮੰਚ ਦੇ ਮੈਂਬਰ ਸਬਨਮ ਅਕਤਾਰਾ, ਜੋਤ ਸਰੂਪ ਕੌਰ, ਚਾਂਦਪ੍ਰੀਤ ਕੌਰ ਅਤੇ ਹਰਕੀਰਤ ਕੌਰ ਦੁਆਰਾ ਮੰਚ ਦਾ ਸੰਚਾਲਨ ਬਾਖੂਬੀ ਕੀਤਾ ਗਿਆ। ਭਾਸ਼ਣ ਮੁਕਾਬਿਆਂ ਵਿੱਚ ਵਿਦਿਆਰਥਣ ਗੁਰਲੀਨ ਕੌਰ, ਪ੍ਰਾਂਚਲ ਅਤੇ ਨੇਹਾ ਅੱਵਲ ਸਥਾਨਾਂ 'ਤੇ ਰਹੀਆਂ। ਕਾਵਿ-ਉਚਾਰਨ ਮੁਕਾਬਲਿਆਂ ਵਿੱਚ ਸਮਰੱਥ ਸਿੰਘ, ਮਿਹਰਦੀਪ ਕੌਰ, ਚਾਂਦਪ੍ਰੀਤ ਕੌਰ ਅਤੇ ਨਿਖਿਲ ਨੇ ਅੱਵਲ ਸਥਾਨ ਪ੍ਰਾਪਤ ਕੀਤੇ। ਇਨ੍ਹਾਂ ਮੁਕਾਬਲਿਆਂ ਦੌਰਾਨ ਬਤੌਰ ਜੱਜ ਦੀ ਭੂਮਿਕਾ ਪ੍ਰੋ. ਸੁਖਪਾਲ ਕੌਰ, ਪ੍ਰੋ. ਸਤਿੰਦਰ ਸਿੰਘ, ਪ੍ਰੋ. ਮਨਪ੍ਰੀਤ ਕੌਰ, ਪ੍ਰੋ. ਸਤਿੰਦਰ ਕੌਰ (ਡਾ.), ਪ੍ਰੋ. ਗੁਰਜੀਤ ਕੌਰ, ਪ੍ਰੋ. ਪੀਟਰ ਸਹੋਤਾ, ਪ੍ਰੋ. ਸਿਮਰਨਜੀਤ ਕੌਰ ਅਤੇ ਪ੍ਰੋ. ਬਲਵੀਰ ਕੌਰ ਵੱਲੋਂ ਨਿਭਾਈ ਗਈ। ਜੇਤੂ ਵਿਦਿਆਰਥੀਆਂ ਨੂੰ ਭਾਸ਼ਾ ਮੰਚ ਵਲੋਂ ਮੁੱਖ ਮਹਿਮਾਨ ਪ੍ਰਿੰਸੀਪਲ ਡਾ: ਹਰਪ੍ਰੀਤ ਸਿੰਘ ਹੁੰਦਲ ਦੁਆਰਾ ਸਨਮਾਨਿਤ ਕਰਦਿਆਂ ਸਰਟੀਫਿਕੇਟ ਭੇਟ ਕੀਤੇ ਗਏ। ਇਸ ਮੌਕੇ ਪ੍ਰਿੰਸੀਪਲ ਡਾ: ਹਰਪ੍ਰੀਤ ਸਿੰਘ ਹੁੰਦਲ ਨੇ ਵਿਦਿਆਰਥੀਆਂ ਨੂੰ ਮਾਂ-ਬੋਲੀ ਪੰਜਾਬੀ, ਪੰਜਾਬੀ ਸੱਭਿਆਚਾਰ, ਪੰਜਾਬੀ ਪਹਿਰਾਵੇ, ਪੰਜਾਬੀ ਰਸਮਾਂ ਰੀਤਾਂ ਨਾਲ ਜੁੜੇ ਕੇ ਪੰਜਾਬੀਅਤ ਦੀ ਅਮੀਰ ਪਰੰਪਰਾ ਤੇ ਵਿਰਾਸਤ ਨੂੰ ਸੰਭਾਲਣ ਦੀ ਅਪੀਲ ਕੀਤੀ।

ਮੰਚ ਦੇ ਸਰਪ੍ਰਸਤ ਪ੍ਰੋ. ਹਰਜਿੰਦਰ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ। ਭਾਸ਼ਾ ਮੰਚ ਦੇ ਅਹੁਦੇਦਾਰਾਂ ਤੋਂ ਇਲਾਵਾ ਅਨਮੋਲ ਸਿੰਘ, ਜੈਸਮੀਨ ਕੌਰ, ਗੁਰਪਾਲ ਸਿੰਘ ਅਤੇ ਸਮਰੱਥ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

ਚੋਰਾਂ ਨੇ ਬਣਾਇਆ ਪਿੰਡ ਮਾਣਕੂ ਮਾਜਰਾ ਦੇ ਇਕ ਘਰ ਨੂੰ ਨਿਸ਼ਾਨਾ

ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)-ਇਕ ਮੁਕੱਦਮਾ ਅਨਿਲ ਕੁਮਾਰ ਪੁੱਤਰ ਰਵਿੰਦਰ ਸਿੰਘ ਵਾਸੀ ਪਿੰਡ ਮਾਣਕੂ ਮਾਜਰਾ ਥਾਣਾ ਨੂਰਪੁਰਬੇਦੀ ਜ਼ਿਲਾ ਰੂਪਨਗਰ ਤੇ ਬਰਖਿਲਾਫ ਨਾਮਾਲੂਮ ਵਿਅਕਤੀ/ਵਿਅਕਤੀਆਂ ਦੇ ਦਰਜ ਰਜਿਸਟਰ ਹੋਇਆ ਹੈ ਕਿ ਮੁਦਈ ਮੁਕੱਦਮਾ ਜੋ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਕਾਪੁਰ ਤਹਿਸੀਲ ਬਲਾਚੌਰ ਵਿਖੇ ਬਤੌਰ ਲੈਕਚਰਾਰ ਲੱਗਾ ਹੋਇਆ ਹੈ ਅਤੇ ਆਪਣੇ ਪਰਿਵਾਰ ਸਮੇਤ ਬਲਾਚੌਰ ਵਿਖੇ ਹੀ ਰਹਿੰਦਾ ਹੈ ਅਤੇ ਉਸ ਦੇ ਮਾਤਾ-ਪਿਤਾ ਪਿੰਡ ਮਾਣਕੂ ਮਾਜਰਾ ਵਿਖੇ ਰਹਿੰਦੇ ਹਨ ਤੇ 26-10-2022 ਨੂੰ ਮੁਦਈ ਮੁਕੱਦਮਾ ਦੇ ਮਾਤਾ-ਪਿਤਾ ਉਸਦੀ ਭੈਣ ਕੋਲ ਗਏ ਸੀ ਅਤੇ ਮਿਤੀ 9-11-2022 ਨੂੰ ਮੁਦਈ ਮੁਕੱਦਮਾ ਆਪਣੇ ਘਰ ਪਿੰਡ ਮਾਣਕੂ ਮਾਜਰਾ ਵਿਖੇ ਗੇੜਾ ਮਾਰ ਕੇ ਗਿਆ ਸੀ ਅਤੇ ਘਰ ਦੀ ਸਾਫ-ਸਫਾਈ ਕਰਕੇ ਵਾਪਸ ਚਲਾ ਗਿਆ ਸੀ। 18-11-2022 ਨੂੰ ਜਦੋਂ ਮੁਦਈ ਮੁਕੱਦਮਾ ਆਪਣੇ ਪਰਿਵਾਰ ਸਮੇਤ ਵਾਪਸ ਘਰ ਪਿੰਡ ਮਾਣਕੂ ਮਾਜਰਾ ਆਇਆ ਤਾਂ ਉਸ ਨੇ ਦੇਖਿਆ ਕਿ ਮੇਨ ਦਰਵਾਜ਼ੇ ਦਾ ਕੁੰਡਾ ਅਤੇ ਤਾਲਾ ਟੁੱਟਿਆ ਹੋਇਆ ਸੀ। ਜਦੋਂ ਉਸ ਨੇ ਆਸੇ-ਪਾਸੇ ਨਿਗਹਾ ਮਾਰੀ ਤਾਂ ਘਰ ਦੇ ਬਾਹਰ ਲੱਗੇ ਸੀਸੀਟੀਵੀ ਕੈਮਰੇ ਵੀ ਟੁੱਟੇ ਹੋਏ ਸਨ। ਜਦੋਂ ਉਸ ਨੇ ਘਰ ਦੇ ਅੰਦਰ ਜਾ ਕੇ ਦੇਖਿਆ ਤਾਂ ਪੰਜ ਕਮਰਿਆਂ ਵਿੱਚੋਂ 2 ਕਮਰਿਆਂ ਦੇ ਤਾਲੇ ਟੁੱਟੇ ਹੋਏ ਸਨ ਅਤੇ ਅਲਮਾਰੀ, ਟਰੰਕ, ਪੇਟੀ ਵਗੈਰਾ ਦੀ ਫਰੋਲਾ-ਫਰਾਲੀ ਕੀਤੀ ਹੋਈ ਸੀ ਅਤੇ ਲੌਬੀ ਵਿੱਚ ਰੱਖੀ ਅਲਮਾਰੀ ਵਿੱਚੋਂ ਕੁੱਝ ਪੈਸੇ ਵਗੈਰਾ ਚੋਰੀ ਕੀਤੇ ਸਨ।

ਸ਼੍ਰੀ ਸੱਤਿਆ ਸਾਈਂ ਦੇ ਜਨਮ ਦਿਨ ਮੌਕੇ ਫ੍ਰੀ ਮੈਡੀਕਲ ਕੈਂਪ ਲਗਾਇਆ

ਲੋੜਵੰਦ ਮਰੀਜ਼ਾਂ ਨੂੰ ਮੁਫਤ ਐਨਕਾਂ ਤੇ ਦਵਾਈਆਂ ਤਕਸੀਮ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਸ਼੍ਰੀ ਸੱਤਿਆ ਸਾਈਂ ਸੇਵਾ ਸੰਮਤੀ ਪੱਟੀ ਵੱਲੋਂ ਸ਼੍ਰੀ ਸੱਤਿਆ ਸਾਈਂ ਦੇ 97ਵੇਂ ਜਨਮ ਦਿਨ ਮੌਕੇ ਫ੍ਰੀ ਮੈਡੀਕਲ ਕੈਂਪ ਡੇਰਾ ਪੀਰ ਬਾਬਾ ਗੁਲਾਮੀ ਸ਼ਾਹ ਜੀ ਬਾਹਮਣੀ ਵਾਲਾ ਵਿਖੇ ਅਨਿਲ ਕੁਮਾਰ ਸ਼ਰਮਾ ਜ਼ਿਲ੍ਹਾ ਪ੍ਰਧਾਨ ਸੱਤਿਆ ਸਾਈਂ ਸੇਵਾ ਸੰਗਠਨ ਪੱਟੀ (ਤਰਨਤਾਰਨ) ਦੀ ਅਗਵਾਈ ਹੇਠ ਲਗਾਇਆ ਗਿਆ ਜਿਸ ਵਿਚ ਪੁੱਜੇ ਮਾਹਿਰ ਡਾਕਟਰਾਂ ਵੱਲੋਂ ਇਕੱਤਰ ਲੋਕਾਂ ਦਾ ਵੱਖ-ਵੱਖ ਰੋਗਾਂ ਦਾ ਚੈੱਕਅਪ ਕੀਤਾ ਅਤੇ ਫ੍ਰੀ ਦਵਾਈਆਂ ਅਤੇ ਐਨਕਾਂ ਦਿੱਤੀਆਂ।

ਇਸ ਮੌਕੇ ਜਾਣਕਾਰੀ ਦਿੰਦਿਆਂ ਸੇਵਾ ਸੰਗਠਨ ਦੇ ਜ਼ਿਲ੍ਹਾ ਪ੍ਰਧਾਨ ਅਨਿਲ ਸ਼ਰਮਾ ਨੇ ਦੱਸਿਆ ਕਿ ਸ਼੍ਰੀ ਸੱਤਿਆ ਸਾਈਂ ਸੇਵਾ ਸੰਮਤੀ ਪੱਟੀ ਵੱਲੋਂ ਹਰ ਸਾਲ ਸ਼੍ਰੀ ਸੱਤਿਆ ਸਾਈਂ ਦੇ ਜਨਮ ਦਿਨ ਮੌਕੇ ਵੱਖ-ਵੱਖ ਹਸਤਪਾਲਾਂ 'ਚ ਦਵਾਈਆਂ ਅਤੇ ਫਲਾਂ ਦੀ ਸੇਵਾ ਕੀਤੀ ਜਾਂਦੀ ਹੈ ਜਿਸ ਤਹਿਤ ਇਸ ਵਾਰ ਵੀ ਸੰਮਤੀ ਵੱਲੋਂ ਸਾਈਂ ਦੇ 97ਵੇਂ ਜਨਮ ਦਿਨ ਮੁਬਾਰਕ ਪਿੰਡ ਬਾਹਮਣੀ ਵਾਲਾ ਵਿਖੇ ਫ੍ਰੀ ਮੈਡੀਕਲ ਕੈਂਪ ਦਾ ਆਯੋਜਨ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਵੱਖ-ਵੱਖ ਮਾਹਿਰ ਡਾਕਟਰਾਂ ਵੱਲੋਂ 350 ਦੇ ਕਰੀਬ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਹੈ ਜਿਸ ਵਿੱਚ ਦੰਦਾਂ ਦਾ ਚੈੱਕਅਪ, ਅੱਖਾਂ ਦਾ ਚੈੱਕਅਪ, ਜਨਰਲ ਰੋਗਾਂ ਦਾ ਚੈੱਕਅਪ, ਜਨਾਨਾ ਰੋਗਾਂ ਦਾ ਚੈੱਕਅਪ ਸਮੇਤ ਹੋਰ ਬਿਮਾਰੀਆਂ ਦਾ ਚੈੱਕਅਪ ਕੀਤਾ ਗਿਆ ਹੈ ਅਤੇ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ, 110 ਮਰੀਜ਼ਾਂ ਨੂੰ ਨਜਰ ਦੀਆਂ ਫ੍ਰੀ ਐਨਕਾਂ, 35 ਈ. ਸੀ. ਜੀ. ਟੈਸਟ ਫ੍ਰੀ ਕੀਤੇ, 72 ਸ਼ੂਗਰ ਦੇ ਮਰੀਜ਼ਾਂ ਦਾ ਚੈੱਕਅਪ ਕਰਕੇ ਫ੍ਰੀ ਦਵਾਈਆਂ, ਦੰਦਾਂ ਦੇ ਮਰੀਜ਼ਾਂ ਨੂੰ ਦਵਾਈਆਂ ਅਤੇ 110 ਦੰਦ ਪੇਸਟਾਂ ਅਤੇ ਬੁਰਸ਼ ਤਕਸੀਮ ਕੀਤੇ ਗਏ। ਸ਼ਰਮਾ ਨੇ ਕਿਹਾ ਕਿ ਮਨੁੱਖਤਾ ਦੇ ਨਾਤੇ ਆਰਥਿਕ ਤੌਰ 'ਤੇ ਸੰਪੰਨ ਵਿਅਕਤੀਆਂ ਨੂੰ ਆਪਣੇ ਪੱਧਰ 'ਤੇ ਆਪੋ-ਆਪਣੇ ਪਿੰਡਾਂ, ਕਸਬਿਆਂ ਵਿੱਚ ਅੱਖਾਂ ਅਤੇ ਹੋਰ ਮੈਡੀਕਲ ਕੈਂਪ ਲਗਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਇਹ ਛੋਟੇ-ਛੋਟੇ ਉਪਰਾਲਿਆਂ ਸਦਕਾ ਲੋੜਵੰਦ ਲੋਕ ਜੋ ਛੋਟੇ-ਛੋਟੇ ਰੋਗਾਂ ਨਾਲ ਜੂਝ ਰਹੇ ਹਨ, ਆਪਣਾ ਸਹੀ ਜੀਵਨ ਬਸਰ ਕਰ ਸਕਣ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਰਿਟਾਇਰਡ ਐੱਸਐੱਮਓ ਡਾ. ਸ਼ਾਮ ਲਾਲ ਗੁਪਤਾ ਨੇ ਕਿਹਾ ਕਿ ਉਹ ਪਰਿਵਾਰ ਸਮੇਤ ਸ਼ੁਰੂ ਤੋਂ ਹੀ ਡਾਕਟਰੀ ਸੇਵਾਵਾਂ ਨਾਲ ਲੋਕਾਂ ਦੀ ਸੇਵਾ ਕਰਦੇ ਆ ਰਹੇ ਹਨ ਅਤੇ ਲੋੜਵੰਦਾਂ ਦੀ ਸੇਵਾ ਲਈ ਅੱਗੇ ਤੱਤਪਰ ਰਹਿਣਗੇ । ਇਸ ਮੌਕੇ ਡੇਰੇ ਦੇ ਮੁੱਖ ਸੇਵਾ ਬਾਬਾ ਸੁਰਜੀਤ ਸ਼ਾਹ ਜੀ ਨੇ ਸ਼੍ਰੀ ਸੱਤਿਆ ਸਾਈਂ ਜੀ ਸੇਵਾ ਸੰਮਤੀ ਪੱਟੀ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਨੂੰ ਹਮੇਸ਼ਾ ਹੀ ਪ੍ਰਭੂ ਸਿਮਰਨ ਦੇ ਨਾਲ-ਨਾਲ ਸਾਡੇ ਗੁਰੂਆਂ ਦੇ ਉਪਦੇਸ਼ ਅਨੁਸਾਰ ਲੋੜਵੰਦਾਂ ਦੀ ਮਦਦ ਕਰਦੇ ਰਹਿਣਾ ਚਾਹੀਦਾ ਹੈ। ਇਸ ਮੌਕੇ ਅੱਖਾਂ ਦੇ ਮਾਹਿਰ ਡਾ. ਨੀਲਮ ਸ਼ਰਮਾ, ਜਨਾਨਾਂ ਰੋਗਾਂ ਦੇ ਮਾਹਿਰ ਡਾਕਟਰ ਡਾ. ਸਰਿਤਾ ਸ਼ਰਮਾ, ਜਨਰਲ ਰੋਗਾਂ ਦੇ ਮਾਹਿਰ ਡਾ. ਯੁਵਰਾਜ ਸਿੰਘ, ਦੰਦਾਂ ਦੇ ਮਾਹਿਰ ਡਾ. ਨਿਸ਼ਠਾ ਸ਼ਰਮਾ ਅਤੇ ਡਾ. ਸੁਮਨ ਸ਼ਰਮਾ ਆਦਿ ਨੇ ਆਪਣੀਆਂ ਸੇਵਾਵਾਂ ਨਿਭਾਈਆਂ। ਇਸ ਮੌਕੇ ਸੰਮਤੀ ਦੇ ਕਨਵੀਨਰ ਪੰਡਿਤ ਕਪਿਲ ਸ਼ਰਮਾ ਨੇ ਕੈਂਪ ਨੂੰ ਸਫਲ ਬਣਾਉਣ ਲਈ ਸਮੂਹ ਡਾਕਟਰਾਂ ਅਤੇ ਸੰਮਤੀ ਦੇ ਮੈਂਬਰਾਂ ਦਾ ਧੰਨਵਾਦ ਕੀਤਾ ।

ਇਸ ਮੌਕੇ ਅਰੁਣ ਸ਼ਰਮਾ, ਰੋਹਿਤ ਅਰੋੜਾ, ਪਰਮੋਦ ਮਰਵਾਹਾ, ਚੰਚਲ ਸ਼ਰਮਾ, ਰਾਜੇਸ਼ ਦੇਵਗਨ, ਕੁਸਮ ਸ਼ਰਮਾ, ਜੀਵਨ ਸ਼ਰਮਾ, ਕਾਮਨੀ ਮਰਵਾਹਾ, ਸਰੋਜ ਸ਼ਰਮਾ, ਲੋਹਿਤ ਆਕਸ਼, ਰਾਜੇਸ਼ ਕੁਮਾਰ, ਨੀਰੂ ਸ਼ਰਮਾ, ਸ਼ਿੰਦਾ ਸ਼ਾਹ, ਗੌਰਵ ਸ਼ਰਮਾ, ਬੱਬਲੂ, ਸੰਜੀਵ, ਮੰਜੂ ਕਪੂਰ, ਸੁਨੀਲ ਜੈਨ, ਰਾਜ ਸ਼ਰਮਾ, ਜੋਤੀ ਸ਼ਰਮਾ, ਜੀਵਨ ਸਿੰਘ, ਤਰਸੇਮ ਸਿੰਘ ਅਤੇ ਸੋਨੂੰ ਸਿੰਘ ਆਦਿ ਹਾਜ਼ਰ ਸਨ

ਔਰਤਾਂ ਦੇ ਹੱਕਾਂ ਲਈ ਸਦਾ ਜੂਝਣ ਵਾਲੀ ਬੀਬੀ ਪ੍ਰਕਾਸ਼ ਕੌਰ ਨਾਰੂ ਦਾ ਦੇਹਾਂਤ

ਗੁਰਦਾਸਪੁਰ (ਜਨਕ ਮਹਾਜਨ)-ਬਟਾਲਾ ਸ਼ਹਿਰ ਇੱਕ ਹੋਰ ਸੰਤ ਰੂਪੀ ਨਿਸ਼ਕਾਮ ਸੇਵਕ ਤੋਂ ਮਹਿਰੂਮ ਹੋ ਗਿਆ ਹੈ। ਉੱਘੇ ਸਮਾਜ ਸੇਵੀ ਅਤੇ ਸਾਰੀ ਉਮਰ ਔਰਤਾਂ ਦੇ ਹੱਕਾਂ ਲਈ ਲੜਨ ਵਾਲੀ ਬੀਬੀ ਪ੍ਰਕਾਸ਼ ਕੌਰ ਨਾਰੂ (95) ਬੀਤੀ ਰਾਤ ਇਸ ਫਾਨੀ ਸੰਸਾਰ ਤੋਂ ਰੁਖਸਤ ਹੋ ਗਏ ਹਨ। ਬਟਾਲਾ ਸ਼ਹਿਰ ਦੀ 95 ਸਾਲ ਦੀ ਇਹ ਹਿੰਮਤੀ ਔਰਤ ਤਾ-ਉਮਰ ਪੂਰੇ ਜੋਸ਼ ਨਾਲ ਔਰਤਾਂ ਦੇ ਹੱਕਾਂ ਲਈ ਲੜ ਰਹੀ ਸੀ ਅਤੇ ਉਸਦੇ ਯਤਨਾਂ ਸਦਕਾ ਬਟਾਲਾ ਸ਼ਹਿਰ ਅਤੇ ਆਸ-ਪਾਸ ਦੇ ਪਿੰਡਾਂ ਦੀਆਂ ਹਜ਼ਾਰਾਂ ਔਰਤਾਂ ਆਰਥਿਕ ਆਜ਼ਾਦੀ ਹਾਸਲ ਕਰਕੇ ਆਪਣੇ ਪੈਰਾਂ ਸਿਰ ਖੜੀਆਂ ਹੋ ਸਕੀਆਂ ਹਨ। ਸਾਦੇ ਜੀਵਨ ਅਤੇ ਉੱਚੀ ਸੋਚ ਦੀ ਧਾਰਨੀ ਪ੍ਰਕਾਸ਼ ਕੌਰ ਨਾਰੂ ਨੇ ਮਹਿਲਾ ਸਸ਼ਕਤੀਕਰਨ ਦੇ ਖੇਤਰ ਵਿੱਚ ਅਜਿਹਾ ਮਿਸਾਲੀ ਕੰਮ ਕੀਤਾ ਹੈ ਕਿ ਉਸਦੇ ਯਤਨਾਂ ਨੇ ਹਜ਼ਾਰਾਂ ਔਰਤਾਂ ਦੀ ਜ਼ਿੰਦਗੀ ਬਦਲ ਕੇ ਰੱਖ ਦਿੱਤੀ ਹੈ। 7 ਨਵੰਬਰ 1927 ਵਿੱਚ ਟਾਟਾ ਨਗਰ ਵਿਖੇ ਜਨਮੀ ਬੀਬੀ ਪ੍ਰਕਾਸ਼ ਕੌਰ ਨਾਰੂ ਆਪਣੇ ਜ਼ਮਾਨੇ ਦੇ ਪੋਸਟ ਗਰੈਜੂਏਟ ਸਨ। ਉਨ੍ਹਾਂ ਦਾ ਵਿਆਹ ਬਟਾਲਾ ਦੇ ਨਿਵਾਸੀ ਆਰਮੀ ਅਫ਼ਸਰ ਅਵਤਾਰ ਸਿੰਘ ਨਾਰੂ ਨਾਲ ਹੋਇਆ ਸੀ। ਆਪਣੇ ਮਾਤਾ-ਪਿਤਾ ਤੋਂ ਵਿਰਸੇ ਵਿੱਚ ਮਿਲੀ ਲੋਕ ਸੇਵਾ ਦੀ ਵਿਰਾਸਤ ਨੂੰ ਬੀਬੀ ਨਾਰੂ ਨੇ ਅੱਗੇ ਵਧਾਇਆ ਅਤੇ ਸਾਲ 1971 ਵਿਚ ਉਸਨੇ ਬਟਾਲਾ ਵਿਖੇ ਆਲ ਇੰਡੀਆ ਵੂਮੈਨ ਕਾਨਫਰੰਸ ਦੀ ਬਰਾਂਚ ਖੋਲ੍ਹ ਕੇ ਔਰਤਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਕੰਮ ਸ

21-Nov-PAGE-12.qxd 11/20/2022 10:12 PM Page 1

ਸਹੁਰਾ ਪਰਵਾਰ ਤੋਂ ਦੁਖੀ ਹੋ ਕੇ ਲਵਪ੍ਰੀਤ ਕੌਰ ਨੇ ਲਿਆ ਫਾਹਾ, ਮੌਤ

ਲੋਹੀਆਂ ਖਾਸ, (ਯੋਗੇਸ਼ਵਰ/ਰੀਨਾ ਸਰਮਾ)

ਸ਼ਹਿਰ ਦੀ ਮੌਜੂਦਾ ਕੌਂਸਲਰ ਰੇਖਾ ਰਾਣੀ ਪਤਨੀ ਗਿਆਨ ਸਿੰਘ ਤੇ ਸਾਬਕਾ ਨਗਰ ਪੰਚਾਇਤ ਪ੍ਰਧਾਨ ਬਲਵਿੰਦਰ ਸਿੰਘ ਟਿੱਡੂ ਦੀ ਭਤੀਜੀ ਲਵਪ੍ਰੀਤ ਕੌਰ ਨੇ ਪੱਖੇ ਨਾਲ ਫਾਹਾ ਲਾ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ। ਪੁਲਸ ਨੇ ਮ੍ਰਿਤਕਾ ਲਵਪ੍ਰੀਤ ਕੌਰ ਦੀ ਮਾਂ ਰੋਖਾ ਰਾਣੀ ਦੇ ਬਿਆਨਾਂ 'ਤੇ ਉਸ ਦੇ ਪਤੀ, ਸਹੁਰੇ ਤੇ ਸੱਸ ਖਿਲਾਫ ਦਾਜ ਮੰਗਣ ਦੇ ਦੋਸ਼ਾਂ ਤਹਿਤ ਕੇਸ ਦਰਜ ਕਰ ਲਿਆ। ਪੁਲਸ ਨੂੰ ਦਿੱਤੇ ਬਿਆਨਾਂ ਕੌਂਸਲਰ ਰੇਖਾ ਰਾਣੀ ਨੇ ਦੱਸਿਆ ਕਿ ਉਸ ਦੀ ਧੀ ਲਵਪ੍ਰੀਤ ਕੌਰ ਦਾ ਕਰੀਬ ਇਕ ਸਾਲ ਪਹਿਲਾਂ ਵਿਆਹ ਗਗਨਦੀਪ ਸਿੰਘ ਪੁੱਤਰ ਅਮਰਜੀਤ ਸਿੰਘ ਵਾਸੀ ਜਨਤਾ ਨਗਰ ਲੁਧਿਆਣਾ ਨਾਲ ਹੋਇਆ ਸੀ। ਵਿਆਹ ਉਪਰੰਤ ਲੜਕਾ ਪਰਵਾਰ ਦਾਜ ਤੇ ਕਾਰ ਤੋਂ ਲਵਪ੍ਰੀਤ ਨੂੰ ਤਾਹਨੇ ਮਿਹਣੇ ਮਾਰਨ ਲੱਗ ਗਏ ਸਨ ਤੇ ਉਸਦੀ ਕੁੱਟਮਾਰ ਕਰਦੇ ਸਨ। ਰੇਖਾ ਰਾਣੀ ਨੇ ਦੱਸਿਆ ਕਿ ਕੁਝ ਰਿਸਤੇਦਾਰਾਂ ਨੇ ਵਿਚ ਪੈ ਕੇ ਦੋਵਾਂ ਦਾ ਸਮਝੌਤਾ ਕਰਵਾ ਦਿੱਤਾ। ਸੁਲਾਹ ਹੋਣ ਤੋਂ ਬਾਅਦ ਲਵਪ੍ਰੀਤ ਨੂੰ ਸਹੁਰੇ ਤੋਰ ਦਿੱਤਾ ਪਰ ਪਤੀ ਗਗਨਦੀਪ ਸਿੰਘ ਤੇ ਸੱਸ ਅਮਰਜੀਤ ਕੌਰ 26 ਅਕਤੂਬਰ ਨੂੰ ਫਿਰ ਤੋਂ ਲੜਕੀ ਨੂੰ ਪੇਕੇ ਘਰ ਛੱਡ ਗਏ। ਇਹ ਵੀ ਕਹਿ ਦਿੱਤਾ ਕਿ ਜੇਕਰ ਉਨ੍ਹਾਂ ਦੇ ਘਰ ਵਸਣਾ ਹੋਇਆ ਤਾਂ ਨਵੀਂ ਬਰੇਜਾ ਕਾਰ ਲੈ ਕੇ ਆਵੇ ਨਹੀਂ ਤਾਂ ਨਾ ਆਵੇ। ਰੇਖਾ ਰਾਣੀ ਨੇ ਦੱਸਿਆ ਕਿ ਇਸ ਤੋਂ ਬਾਅਦ ਲਵਪ੍ਰੀਤ ਕੌਰ ਪਰੇਸ਼ਾਨ ਰਹਿਣ ਲੱਗ ਪਈ। ਲਵਪ੍ਰੀਤ ਨੂੰ ਉਸ ਦੇ ਪਤੀ ਗਗਨਦੀਪ ਸਿੰਘ ਦਾ ਫੋਨ ਆਇਆ ਕਿ ਉਹ ਨਕੋਦਰ ਅਦਾਲਤ 'ਚ ਆਏ ਹੋਏ ਹਨ ਅਤੇ ਆਪਣਾ ਪਰਵਾਰ ਲੈ ਆਓ ਤੇ ਸਾਡੇ ਨਾਲ ਤਲਾਕ ਦੀ ਗੱਲ ਕਰ ਲਵੋ।

ਇਸ ਤੋਂ ਬਾਅਦ ਲਵਪ੍ਰੀਤ ਵੱਲੋਂ ਦੁਪਹਿਰ ਕਰੀਬ 1:30 ਵਜੇ ਛੱਤ 'ਤੇ ਬਣੇ ਕਮਰੇ 'ਚ ਪੱਖੇ ਨਾਲ ਪਰਨਾ ਬੰਨ੍ਹ ਫਾਹਾ ਲਾ ਲਿਆ। ਸੂਚਨਾ ਮਿਲਣ 'ਤੇ ਡੀ ਐੱਸ ਪੀ ਸ਼ਾਹਕੋਟ ਤੇ ਥਾਣਾ ਮੁਖੀ ਪੁਲਸ ਪਾਰਟੀ ਸਮੇਤ ਮੌਕੇ 'ਤੇ ਪੁੱਜੀ ਤੇ ਲਾਸ਼ ਕਬਜੇ ਲੈ ਕੇ ਹਸਪਤਾਲ ਭੇਜ ਦਿੱਤੀ। ਡੀ ਐੱਸ ਪੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਮ੍ਰਿਤਕਾ ਲਵਪ੍ਰੀਤ ਕੌਰ ਦੀ ਮਾਤਾ ਰੇਖਾ ਰਾਣੀ ਵੱਲੋਂ ਦਿੱਤੇ ਗਏ ਬਿਆਨਾਂ ਦੇ ਆਧਾਰ 'ਤੇ ਮ੍ਰਿਤਕਾ ਦੇ ਪਤੀ ਗਗਨਦੀਪ ਸਿੰਘ, ਸਹੁਰੇ ਸੱਸ ਅਮਰਜੀਤ ਕੌਰ ਤੋਂ ਬਾਅਦ ਲਵਪ੍ਰੀਤ ਕੌਰ ਪਰੇਸਾਨ ਰਹਿਣ ਖਿਲਾਫ ਕੇਸ ਦਰਜ ਕਰ ਲਿਆ।

ਸਤਵੰਤ ਸਿੰਘ ਸਿਆਣ ਦੀ ਅਗਵਾਈ ਹੇਠ ਚੋਣ ਪ੍ਰਚਾਰ ਲਈ ਟੀਮ ਗੁਜਰਾਤ ਰਵਾਨਾ

ਹੁਸ਼ਿਆਰਪੁਰ, (ਓ. ਪੀ. ਰਾਣਾ)-ਕੈਬਨਿਟ ਮੰਤਰੀ ਪੰਜਾਬ ਬ੍ਰਹਮ ਸ਼ੰਕਰ ਸ਼ਰਮਾ ਜਿੰਪਾ ਦੀ ਅਗਵਾਈ ਅਤੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹੁਸ਼ਿਆਰਪੁਰ ਤੋਂ ਆਮ ਆਦਮੀ ਪਾਰਟੀ ਦੇ ਸੂਬਾ ਜੁਆਇੰਟ ਸਕੱਤਰ ਸਤਵੰਤ ਸਿੰਘ ਸਿਆਣ ਦੀ ਅਗਵਾਈ ਹੇਠ ਟੀਮ ਚੋਣ ਹਲਕੇ ਰਧਨਪੁਰ, ਜ਼ਿਲਾ ਪਾਟਨ, ਗੁਜਰਾਤ ਚੋਣ ਪ੍ਰਚਾਰ ਲਈ ਰਵਾਨਾ ਹੋਈ। ਇਸ ਮੌਕੇ ਸਤਵੰਤ ਸਿੰਘ ਸਿਆਣ ਨੇ ਕਿਹਾ ਕਿ ਗੁਜਰਾਤ ਦੇ ਲੋਕ ਇਸ ਵਾਰ ਵੱਡੇ ਬਦਲਾਅ ਦੀ ਤਿਆਰੀ ਵਿਚ ਹਨ ਅਤੇ ਆਮ ਆਦਮੀ ਪਾਰਟੀ ਭਾਰੀ ਬਹੁਮਤ ਨਾਲ ਸਰਕਾਰ ਬਣਾਏਗੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਦੇ ਲਗਾਤਾਰ ਲੋਕ ਪੱਖੀ ਫੈਸਲਿਆਂ ਨੇ ਲੋਕਾਂ ਦੇ ਦਿਲ ਜਿੱਤ ਲਏ ਹਨ। ਉਨ੍ਹਾਂ ਕਿਹਾ ਕਿ ਸੂਬੇ ਵਿਚ ਪੁਰਾਣੀ ਪੈਨਸ਼ਨ ਸਕੀਮ ਲਾਗੂ ਹੋਣ ਨਾਲ 1.75 ਲੱਖ ਤੋਂ ਵੱਧ ਸਰਕਾਰੀ ਮੁਲਾਜ਼ਮਾਂ ਨੂੰ ਸਿੱਧਾ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਨਵੀਂ ਪੈਨਸ਼ਨ ਸਕੀਮ (ਐੱਨ. ਪੀ. ਐੱਸ.) ਅਧੀਨ ਸੇਵਾਵਾਂ ਨਿਭਾਅ ਰਹੇ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਨੂੰ ਮਨਜ਼ੂਰ ਕੀਤਾ ਗਿਆ ਜਿਸ ਨਾਲ ਸੂਬੇ ਦੇ ਮੁਲਾਜ਼ਮਾਂ ਦੀ ਚਿਰੋਕਣੀ ਮੰਗ ਪੂਰੀ ਹੋ ਗਈ। ਇਸ ਮੌਕੇ ਕ੍ਰਿਸ਼ਨਜੀਤ ਰਾਓ ਕੈਂਡੋਵਾਲ ਜ਼ਿਲ੍ਹਾ ਪ੍ਰਧਾਨ ਬੁੱਧੀਜੀਵੀ ਸੈੱਲ, ਜੱਸੀ ਹੁੰਦਲ, ਸੰਦੀਪ ਛੋਤੀ, ਹਰਵਿੰਦਰ ਸਿੰਘ ਗੋਪੀ ਅਤੇ ਹੋਰ ਸਾਥੀ ਉਨ੍ਹਾਂ ਦੇ ਨਾਲ ਸਨ।

ਕੁਰਾਲਾ ਸਕੂਲ 'ਚ ਕਰਵਾਇਆ ਅੱਠਵਾਂ ਸੱਭਿਆਚਾਰਕ ਪ੍ਰੋਗਰਾਮ

ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)

ਸਰਕਾਰੀ ਪ੍ਰਾਇਮਰੀ ਸਕੂਲ ਕੁਰਾਲਾ ਵਿਖੇ ਅੱਠਵਾਂ ਸੱਭਿਆਚਾਰਕ ਪ੍ਰੋਗਰਾਮ ਬਾਲ ਦਿਵਸ ਮੌਕੇ ਕਰਵਾਇਆ ਗਿਆ। ਇਸ ਪ੍ਰੋਗਰਾਮ 'ਚ ਜਿੱਥੇ ਬੱਚਿਆਂ ਨੇ ਵੱਖ ਵੱਖ ਵੰਨਗੀਆਂ ਪੇਸ਼ ਕਰਦੇ ਹੋਏ ਆਪਣੀ ਪ੍ਰਤਿਭਾ ਦੇ ਜੌਹਰ ਦਿਖਾਏ ਉੱਥੇ ਸਕੂਲ 'ਚ ਪੜ੍ਹਦੇ ਬੱਚਿਆਂ ਦੇ ਮਾਪਿਆਂ ਨੇ ਵੀ ਗਤੀਵਿਧੀਆਂ 'ਚ ਹਿੱਸਾ ਲਿਆ। ਪ੍ਰੋਗਰਾਮ ਦਾ ਰਸਮੀ ਉਦਘਾਟਨ ਆਂਗਣਵਾੜੀ ਸਕੂਲ ਇੰਚਾਰਜ ਮੈਡਮ ਗੁਰਦੀਪ ਕੌਰ ਅਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਸਿੱਖਿਆ ਮਾਹਿਰ ਸ਼੍ਰੀਮਤੀ ਪਲਵਿੰਦਰ ਕੌਰ ਵੱਲੋਂ ਕੀਤਾ। ਇਸ ਦੌਰਾਨ ਬਲਾਕ ਪ੍ਰਾਇਮਰੀ ਸਿੱਖਿਆ ਅਧਿਕਾਰੀ ਅਵਤਾਰ ਸਿੰਘ, ਸਹਾਇਕ ਜਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਪ੍ਰਦੀਪ ਪ੍ਰਿਤਪਾਲ ਸਿੰਘ ਅਤੇ ਪੰਕਜ ਸ਼ਰਮਾ, ਬੀ. ਐਮ. ਟੀ. ਸ਼ੁਭਮ, ਨਵਜੀਤ ਸਿੰਘ ਪ੍ਰਾਇਮ ਏਸ਼ੀਆ ਟੀ ਵੀ ਨੇ ਸਿੱਖਿਆ ਦੇ ਵੱਖ ਵੱਖ ਪਹਿਲੂਆਂ ਤੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਇਸ ਮੌਕੇ ਸਕੂਲ ਦੀ ਸਾਲਾਨਾ ਪਤ੍ਰਿਕਾ ਅੰਕ ਸੱਤ ਵੀ ਪ੍ਰਕਾਸ਼ਤ ਕੀਤੀ ਗਈ ਤੇ ਬੱਚਿਆਂ ਨੂੰ ਮੈਡਲ ਵੀ ਦਿੱਤੇ ਗਏ। ਇਸ ਸਾਰੇ ਪ੍ਰੋਗਰਾਮ ਦੌਰਾਨ ਬੱਚਿਆਂ ਦੁਆਰਾ ਬਣਾਈਆਂ ਗਈਆਂ ਕਲਾਕ੍ਰਿਤਾਂ ਦੀ ਪ੍ਰਦਰਸ਼ਨੀ ਖਿੱਚ ਦਾ ਕੇਂਦਰ ਬਣੀ ਰਹੀ। ਇਸ ਮੌਕੇ ਬੱਚਿਆਂ ਦੇ ਮਾਪਿਆਂ ਤੋਂ ਇਲਾਵਾ ਸਰਪੰਚ ਸ਼੍ਰੀਮਤੀ ਰਾਜਵਿੰਦਰ ਕੌਰ, ਗੁਰਮੇਜ ਸਿੰਘ ਪੰਚਾਇਤ ਮੇਂਬਰ, ਸੁਖਜਿੰਦਰ ਸਿੰਘ ਪੰਚਾਇਤ ਮੇਂਬਰ, ਪਰਮਿੰਦਰ ਕੌਰ, ਸਕੂਲ ਅਧਿਆਪਕਾ ਮੈਡਮ ਨਿਮਰਤਾ ਕੁਮਾਰੀ, ਬਲਾਕ ਸੰਮਤੀ ਮੇਂਬਰ ਬਲਵੰਤ ਸਿੰਘ ਬੰਤ, ਹਰਜੀਤ ਸਿੰਘ ਸਿੱਧੂ, ਸੀ. ਐੱਚ. ਟੀ. ਮਥਰੇਸ਼ ਕੁਮਾਰ, ਓਮ ਪ੍ਰਕਾਸ਼, ਬੀ. ਐਮ. ਟੀ. ਸੰਦੀਪ ਸਿੰਘ, ਕਮਲਜੀਤ ਸਿੰਘ ਨਾਗਰਾ, ਪੂਜਾ ਰਾਣੀ, ਸੀਮਾ ਰਾਣੀ, ਬਲਕਾਰ ਸਿੰਘ, ਭੁਪਿੰਦਰ ਸਿੰਘ ਹਾਜ਼ਰ ਸਨ। ਸਟੇਜ ਸੈਕਟਰੀ ਦੀ ਭੂਮਿਕਾ ਸਕੂਲ ਇੰਚਾਰਜ ਵਿਜੇ ਕੁਮਾਰ ਵੱਲੋਂ ਬਾਖੂਬੀ ਨਿਭਾਈ ਗਈ।

ਜਾਗਰਕਤਾ ਪ੍ਰੋਗਰਾਮ ਕਰਵਾਇਆ

ਜਲੰਧਰ (ਇਕਬਾਲ ਸਿੰਘ ਉੱਭੀ)

ਪੀ ਸੀ ਐਮ ਐਸ ਡੀ ਕਾਲਜ ਫਾਰ ਵੂਮੈਨ ਦੇ ਵੂਮੈਨ ਇੰਪਾਵਰਮੈਂਟ ਸੈੱਲ ਨੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਪਤਾਰਾ ਵਿਖੇ ਐਨ ਜੀਓ ਦਿਵਿਆ ਦ੍ਰਿਸ਼ਟੀ ਅਤੇ ਰਾਸ਼ਟਰੀ ਮਹਿਲਾ ਕਮਿਸ਼ਨ ਦੇ ਸਹਿਯੋਗ ਨਾਲ ਇੱਕ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ। ਪ੍ਰੋਗਰਾਮ ਦਾ ਸਿਰਲੇਖ 'ਐਨ ਆਰ ਆਈ ਮੈਰਿਜਜ਼-ਡੂਜ਼ ਐਂਡ ਡੋਂਟਜ-ਏ ਵੇਅ ਫਾਰਵਰਡ' ਸੀ। ਸਮਾਗਮ ਦਾ ਉਦਘਾਟਨ ਪ੍ਰਿੰਸੀਪਲ ਡਾ. ਪੂਜਾ ਪਰਾਸ਼ਰ ਨੇ ਕੀਤਾ। ਇਸ ਦੌਰਾਨ ਡਾ. ਮਧੂ ਪਰਾਸ਼ਰ, ਸਾਬਕਾ ਪ੍ਰਿੰਸੀਪਲ, ਦੇਵ ਸਮਾਜ ਕਾਲਜ ਫਾਰ ਵੂਮੈਨ, ਫਿਰੋਜ਼ਪੁਰ ਨੇ ਵੱਡਮੁੱਲਾ ਭਾਸ਼ਣ ਦਿੱਤਾ। ਬਲਬੀਰ ਸਿੰਘ ਭੱਟੀ, ਏ.ਆਈ.ਜੀ./ਐਨ.ਆਰ.ਆਈ ਵੀ ਇਸ ਸਮਾਗਮ ਦੇ ਬੁਲਾਰੇ ਸਨ। ਉਹਨਾਂ ਨੇ 'ਐਨ.ਆਰ.ਆਈ ਵਿਆਹ: ਜਾਗਰੂਕਤਾ ਹੀ ਹੱਲ ਹੈ' 'ਤੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਐਡਵੋਕੇਟ ਹਰਲੀਨ ਕੌਰ, ਜਲੰਧਰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਸ੍ਰੀਮਤੀ ਪਰਵੀਨ ਅਬਰੋਲ ਫਾਊਂਡਰ ਪ੍ਰਧਾਨ, ਐਨ ਜੀਓ ਦਿਵਿਆ ਦ੍ਰਿਸ਼ਟੀ, ਜਲੰਧਰ ਨੇ ਵੀ ਹਾਜ਼ਰੀਨ ਨੂੰ ਸੰਬੋਧਨ ਕੀਤਾ। ਸਮਾਗਮ ਦੌਰਾਨ ਕੁਝ ਪੀੜਤਾਂ ਨੇ ਆਪਣੇ ਨਿੱਜੀ ਤਜਰਬੇ ਸਾਂਝੇ ਕੀਤੇ। ਸਮਾਗਮ ਦਾ ਸਮੁੱਚਾ ਉਦੇਸ਼ ਲੋਕਾਂ ਨੂੰ ਵਿਆਹਾਂ ਨਾਲ ਸਬੰਧਤ ਐਨ ਆਰ ਆਈ ਝਗੜਿਆਂ, ਝਗੜੇ ਦਾਇਰ ਕਰਨ ਦੇ ਤਰੀਕਿਆਂ ਅਤੇ ਝਗੜਿਆਂ ਦੇ ਨਿਪਟਾਰੇ ਦੀ ਵਿਧੀ ਬਾਰੇ ਜਾਗਰੂਕ ਕਰਨਾ ਸੀ। ਵਿਆਹਾਂ ਨਾਲ ਸਬੰਧਤ ਕੁਝ ਮਾਮਲਿਆਂ ਬਾਰੇ ਵੀ ਚਰਚਾ ਕੀਤੀ ਗਈ। ਇਸ ਮੌਕੇ ਤੇ ਪ੍ਰਧਾਨ ਨਰੇਸ ਕੁਮਾਰ ਬੁਧੀਆ, ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰਾਂ ਨੇ ਇਸ ਸਮਾਗਮ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਵੂਮੈਨ ਇੰਪਾਵਰਮੈਂਟ ਸੈੱਲ ਦੇ ਯਤਨਾਂ ਦੀ ਸ਼ਲਾਘਾ ਕੀਤੀ।

ਜੀ ਡੀ ਗੋਇਨਕਾ ਗਰੱਪ ਨਵੀਂ ਦਿੱਲੀ ਵੱਲੋਂ ਕਪੂਰਥਲਾ ਦੇ ਗੋਇਨਕਾ ਸਕੂਲ ਦਾ ਨਿਰੀਖਣ

ਕਪੂਰਥਲਾ, (ਹਨੀ)

ਜੀ. ਡੀ. ਗੋਇਨਕਾ ਗਰੁੱਪ ਨਵੀਂ ਦਿੱਲੀ ਵੱਲੋਂ ਕਪੂਰਥਲਾ ਦੇ ਜੀ. ਡੀ. ਗੋਇਨਕਾ ਸਕੂਲ ਦਾ ਨਿਰੀਖਣ ਕੀਤਾ ਗਿਆ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸੁਖਦੇਵ ਸਿੰਘ ਨਾਨਕਪੁਰ ਨੇ ਦੱਸਿਆ ਕਿ ਜੀ. ਡੀ. ਗੋਇਨਕਾ ਗਰੁੱਪ ਨਵੀਂ ਦਿੱਲੀ ਜੋ ਕਿ ਭਾਰਤ ਦੀ ਪ੍ਰਸਿੱਧ ਸਿਖਿਅਕ ਸੰਸਥਾ ਹੈ ਅਤੇ ਪਿਛਲੇ 29 ਸਾਲਾਂ ਤੋਂ ਸਿੱਖਿਆ ਦੇ ਖੇਤਰ ਵਿੱਚ ਵਡਮੁੱਲਾ ਯੋਗਦਾਨ ਦੇ ਰਹੀ ਹੈ। ਉਨ੍ਹਾਂ ਦੱਸਿਆ ਕਿ ਗੋਇਨਕਾ ਗਰੁੱਪ ਵਲੋਂ ਇੱਕ ਯੂਨੀਵਰਸਿਟੀ ਅਤੇ ਕਈ ਸਕੂਲ ਜੋ ਸੀ. ਬੀ. ਐਸ. ਈ ਤੋਂ ਇਲਾਵਾ ਆਈ. ਸੀ. ਐਸ ਅਤੇ ਆਈ. ਬੀ ਵਰਲਡ ਦੇ ਪਾਠਕ੍ਰਮਾਂ ਅਨੁਸਾਰ ਚਲਾਏ ਜਾ ਰਹੇ ਹਨ । ਸਕੂਲ ਪੁੱਜੀ ਵਿਸੇਸ ਅਨੁਭਵੀ ਨਿਰੀਖਣ ਟੀਮ ਵਲੋਂ ਹਰ ਇੱਕ ਅਧਿਆਪਕ ਦੀ ਕਲਾਸ ਦਾ ਜਾਇਜਾ ਲਿਆ ਗਿਆ । ਉਨ੍ਹਾਂ ਸਕੂਲ ਦੀ ਹਰ ਇੱਕ ਲੈਬ ਜਿਵੇਂ ਕੰਪਿਊਟਰ ਲੈਬ, ਮੈਥ ਲੈਬ, ਸਾਇੰਸ ਲੈਬ, ਲੈਂਗੂਏਜ ਲੈਬ, ਮਿਊਜ਼ਿਕ ਰੂਮ, ਸਪੋਰਟਸ ਰੂਮ, ਯੋਗਾ ਰੂਮ, ਆਰਟ ਰੂਮ ਆਦਿ ਦਾ ਨਿਰੀਖਣ ਕਰਦਿਆਂ ਪ੍ਰਸੰਸਾ ਕੀਤੀ । ਪਹੁੰਚੀ ਟੀਮ ਨੇ ਛੋਟੇ ਬੱਚਿਆਂ ਲਈ ਵਿਸੇਸ ਰੂਪ 'ਚ ਤਿਆਰ ਕੀਤੇ ਗਏ ਐਕਟੀਵੀਟੀ ਰੂਮ, ਪਲੇ ਸਟੇਸਨ ਆਦਿ ਤੋਂ ਪ੍ਰਭਾਵਿਤ ਹੁੰਦਿਆਂ ਕਿਹਾ ਕਿ ਖੇਲ ਖੇਲ ਵਿੱਚ ਬੱਚਿਆਂ ਨੂੰ ਬਹੁਤ ਪ੍ਰਭਾਵਸਾਲੀ ਤਰੀਕੇ ਨਾਲ ਸਿੱਖਿਆ ਦਿੱਤੀ ਜਾ ਸਕਦੀ ਹੈ। ਸਕੂਲ ਵਿਚ ਬਣੇ ਖੇਡ ਸਟੇਡੀਅਮ, ਬਾਸਕੇਟਬਾਲ ਗਰਾਉਂਡ, ਫੁੱਟਬਾਲ ਗ੍ਰਾਉਂਡ, ਬੈਡਮਿੰਟਨ ਗਰਾਉਂਡ, ਟੇਬਲ ਟੈਨਿਸ ਅਤੇ ਹੋਰ ਖੇਡ ਸੁਵਿਧਾਵਾਂ ਦੇਖਣ ਉਪਰੰਤ ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਦੂਸਰੇ ਜੀ. ਡੀ. ਗੋਇਨਕਾ ਸਕੂਲਾਂ ਦੇ ਵਿਦਿਆਰਥੀ ਰਾਸਟਰੀ ਅਤੇ ਅੰਤਰ ਰਾਸਟਰੀ ਪੱਧਰ 'ਤੇ ਖੇਡਾਂ ਵਿਚ ਮੱਲਾਂ ਮਾਰਨ ਦੇ ਇਲਾਵਾ, ਆਈ. ਏ. ਐਸ. ਤੇ ਆਈ. ਪੀ. ਐਸ. ਅਫਸਰਾਂ ਦੇ ਪਦਾਂ 'ਤੇ ਸੇਵਾਵਾਂ ਨਿਭਾਅ ਰਹੇ ਹਨ, ਉਸੇ ਤਰ੍ਹਾਂ ਜੀ. ਡੀ. ਗੋਇਨਕਾ ਕਪੂਰਥਲਾ ਦੇ ਵਿਦਿਆਰਥੀ ਵੀ ਆਉਣ ਵਾਲੇ ਸਮੇਂ ਵਿੱਚ ਅੰਤਰਰਾਸਟਰੀ ਪਧੱਰ 'ਤੇ ਅਦਾਰੇ ਅਤੇ ਇਲਾਕੇ ਦਾ ਨਾਂ ਰੋਸ਼ਨ ਕਰਨਗੇ। ਉਨ੍ਹਾਂ ਨੇ ਸਕੂਲ ਵਿੱਚ ਨਵੇਂ ਬਣੇ ਮਲਟੀਪਰਪਜ਼ ਹਾਲ ਅਤੇ ਸੂਟਿੰਗ ਰੇਂਜ ਦਾ ਵੀ ਦੌਰਾ ਕੀਤਾ ਅਤੇ ਮੈਨੇਜਮੈਂਟ, ਪ੍ਰਿੰਸੀਪਲ ਤੇ ਸਟਾਫ ਦੁਆਰਾ ਕੀਤੇ ਗਏ ਉਦਮਾਂ ਦੀ ਸ਼ਲਾਘਾ ਕੀਤੀ। ਇਸ ਤੋਂ ਇਲਾਵਾ ਸਕੂਲ ਵਿੱਚ ਦਿੱਤੀਆਂ ਜਾ ਰਹੀਆਂ ਵੱਖ ਵੱਖ ਸੁਵਿਧਾਵਾਂ ਜਿਵੇਂ ਕਿ ਏਅਰ ਕੰਡੀਸਨ ਕਮਰੇ, ਖਾਣਾ ਗਰਮ ਕਰਨ ਦੀ ਸੁਵਿਧਾ, ਫਿਲਟਰ ਪਾਣੀ, ਮੈਡੀਕਲ ਸੁਵਿਧਾ ਦੇਖ ਕੇ ਉਨ੍ਹਾਂ ਨੇ ਸਕੂਲ ਦੇ ਪ੍ਰਬੰਧਨ ਦੀ ਪ੍ਰਸੰਸਾ ਕੀਤੀ। ਪਹੁੰਚੀ ਟੀਮ ਨੇ ਸਕੂਲ ਦੇ ਨਿਰੀਖਣ ਉਪਰੰਤ ਅਧਿਆਪਕਾਂ ਨੂੰ ਟ੍ਰੇਨਿੰਗ ਵੀ ਦਿੱਤੀ। ਚੇਅਰਮੈਨ ਸੁਖਦੇਵ ਸਿੰਘ, ਸੈਕਟਰੀ ਪਰਮਿੰਦਰ ਕੌਰ, ਪ੍ਰਿੰਸੀਪਲ ਕੰਵਲਜੀਤ ਕੌਰ ਅਤੇ ਸਟਾਫ਼ ਮੈਂਬਰਾਂ ਨੇ ਟੀਮ ਦਾ ਧੰਨਵਾਦ ਕੀਤਾ।

ਸੇਵਾ ਸੁਸਾਇਟੀ ਨੇ 55 ਲੋੜਵੰਦ ਸਕੂਲੀ ਵਿਦਿਆਰਥੀਆਂ ਨੂੰ ਵੰਡੇ ਬੂਟ

ਫਗਵਾੜਾ (ਜਸਵਿੰਦਰ ਢੱਡਾ)

ਨਗਰ ਕੌਂਸਲ ਫਗਵਾੜਾ ਦੇ ਸਾਬਕਾ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੇ ਯਤਨਾਂ ਸਦਕਾ ਪ੍ਰੇਮ ਨਗਰ ਸੇਵਾ ਸੁਸਾਇਟੀ ਵਲੋਂ ਸੁਸਾਇਟੀ ਦੇ ਪ੍ਰਧਾਨ ਸੁਧੀਰ ਸ਼ਰਮਾ ਦੀ ਅਗਵਾਈ ਹੇਠ ਰਾਸ਼ਟਰੀਯ ਬਾਲ ਵਿਦਿਆਲਿਆ ਦੇ 55 ਲੋੜਵੰਦ ਵਿਦਿਆਰਥੀਆਂ ਨੂੰ ਕੱਪੜੇ ਦੇ ਬੂਟ ਵੰਡੇ ਗਏ। ਇਸ ਪ੍ਰੋਜੈਕਟ ਨੂੰ ਸਫਲ ਬਨਾਉਣ ਵਿਚ ਸਵ. ਅਜੀਤ ਸਿੰਘ ਢਿੱਲੋਂ ਦੇ ਪਰਵਾਰਕ ਮੈਂਬਰ ਬੀਬੀ ਮਨਜੀਤ ਕੌਰ ਅਤੇ ਲਾਲ ਸਿੰਘ ਦਾ ਵਢਮੁੱਲਾ ਸਹਿਯੋਗ ਰਿਹਾ। ਪ੍ਰਧਾਨ ਸੁਧੀਰ ਸ਼ਰਮਾ ਅਨੁਸਾਰ ਕਾਲੜਾ ਸ਼ੂਜ ਸਟੋਰ ਵਲੋਂ ਕ੍ਰਮਚਾਰੀ ਨੂੰ ਸਕੂਲ ਭੇਜ ਕੇ ਹਰੇਕ ਬੱਚੇ ਦੇ ਪੈਰਾਂ ਦਾ ਸਾਇਜ ਲਿਆ ਗਿਆ। ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਸਰਦੀ ਦੇ ਮੌਸਮ ਅਤੇ ਵਿਦਿਆਰਥੀਆਂ ਦੀ ਜਰੂਰਤ ਨੂੰ ਮੁੱਖ ਰੱਖਦੇ ਹੋਏ ਇਹ ਉਪਰਾਲਾ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਹੋਰ ਲੋੜਵੰਦ ਵਿਦਿਆਰਥੀਆਂ ਅਤੇ ਪ੍ਰੇਮ ਨਗਰ ਖੇਤਰ ਦੇ ਲੋੜਵੰਦ ਵਸਨੀਕਾਂ ਨੂੰ ਵੀ ਜਲਦੀ ਹੀ ਬੂਟਾਂ ਦੀ ਵੰਡ ਕੀਤੀ ਜਾਵੇਗੀ। ਇਸ ਤੋਂ ਇਲਾਵਾ ਹਰ ਸਾਲ ਦੀ ਤਰ੍ਹਾਂ ਸਰਦੀ ਤੋਂ ਬਚਾਅ ਲ